# 2
# ਯਿਸੂ: ਉਹਦੀ ਜ਼ਿੰਦਗੀ ਵਿਚ ਨਬੂਵਤ ਦਾ ਪੂਰਾ ਹੋਣਾ

ਯਿਸੂ ਦਾ ਖ਼ਿਆਲ ਸੀ ਕਿ ਨਬੂਵਤ ਕਰਨ ਦੀ ਉਹਦੀ ਯੋਗਤਾ ਸਾਫ਼ ਸਬੂਤ ਬਣ ਜਾਵੇਗੀ ਕਿ ਉਹ ਖ਼ੁਦਾ ਦਾ ਪੁੱਤਰ ਹੈ, ਮਨੁੱਖ ਨਹੀਂ। ''ਏਦੋਂ ਅੱਗੇ ਇਸ ਗੱਲ ਦੇ ਹੋਣ ਤੋਂ ਪਹਿਲਾਂ ਮੈਂ ਤੁਹਾਨੂੰ ਦੱਸਦਾ ਹਾਂ ਤਾਂ ਜੋ ਜਿਸ ਵੇਲੇ ਇਹ ਪੂਰੀ ਹੋ ਲਵੇ ਤਾਂ ਤੁਸੀਂ ਪਰਤੀਤ ਕਰੋ ਜੋ ਮੈਂ ਉਹੋ ਹਾਂ'' (ਯੂਹੰਨਾ 13:19)। ਇਸੇ ਤਰ੍ਹਾਂ, ਜੇ ਲੋਕ ਖ਼ੁਦਾ ਦੇ ਉਨ੍ਹਾਂ ਸਭ ਨਬੀਆਂ ਦੀ ਗੱਲ ਵੱਲ ਧਿਆਨ ਦਿੰਦੇ ਜਿਨ੍ਹਾਂ ਨੇ ਬਾਈਬਲ ਲਿਖੀ ਸੀ ਤਾਂ ਉਨ੍ਹਾਂ ਨੂੰ ਯਕੀਨ ਹੋ ਜਾਂਦਾ ਕਿ ਪੁਰਾਣੇ ਨੇਮ ਦੀਆਂ ਨਬੂਵਤਾਂ ਤੜਕਾ ਹੋਣ ਅਤੇ ਸਵੇਰ ਦਾ ਸੂਰਜ ਚੜ੍ਹਨ ਤਕ ਰਾਤ ਦੇ ਹਨੇਰੇ ਵਿਚ ਤਾਰਿਆਂ ਵਾਂਗ ਚਮਕ ਰਹੀਆਂ ਸਨ (ਵੇਖੋ 2 ਪਤਰਸ 1:19)। ਪੁਰਾਣੇ ਨੇਮ ਦੇ ਨਬੀ ਸਿਰਫ਼ ਆਪਣੇ ਸਮੇਂ ਦੇ ਲੋਕਾਂ ਨਾਲ ਹੀ ਨਹੀਂ ਬਲਕਿ ਅੱਜ ਤਕ ਸਾਡੇ ਨਾਲ ਵੀ ਗੱਲਾਂ ਕਰਦੇ ਹਨ (1 ਪਤਰਸ 1:10-12)।[1]

### ਕੁਆਰੀ ਦਾ ਪੁੱਤਰ (ਯਸਾਯਾਹ 7:14)

735 ਈਸਵੀ ਪੂਰਵ ਵਿਚ ਸੀਰੀਆ ਅਤੇ ਇਸਰਾਏਲ ਦੇ ਉੱਤਰੀ ਰਾਜ ਨੇ ਮਿਲ ਕੇ ਦੱਖਣੀ ਰਾਜ ਯਹੂਦਾ ਦੇ ਖ਼ਿਲਾਫ਼ ਇਕ ਸੰਘ ਬਣ ਗਿਆ ਸੀ। ਯਹੂਦਾ ਇਵੇਂ ਕੰਬ ਉੱਠਿਆ ''ਜਿਵੇਂ ਜੰਗਲ ਦੇ ਰੁੱਖ ਹਵਾ ਨਾਲ ਕੰਬ ਜਾਂਦੇ ਹਨ'' (ਯਸਾਯਾਹ 7:2)। ਦਿਆਲੂ ਖ਼ੁਦਾ ਨੇ ਯਹੂਦਾ ਦੇ ਰਾਜੇ ਅਹਾਜ਼ ਨੂੰ ਦਲੇਰੀ ਦੇਣ ਲਈ ਯਸਾਯਾਹ ਨੂੰ ਭੇਜਿਆ; ਪਰ ਅਹਾਜ਼ ਬੇਈਮਾਨ ਅਤੇ ਕਪਟੀ ਸੀ। ਅਹਾਜ਼ ਦੇ ਤਰਕਹੀਨ ਅਤੇ ਘਟੀਆ ਜਵਾਬ ਨਾਲ ਖ਼ੁਦਾ ਦੀ ਕਿਰਪਾ ਰੁਕ ਗਈ ਕਿਉਂਕਿ ਉਹ ਅਹਾਜ਼ ਤੋਂ ''ਅੱਕ'' ਗਿਆ ਸੀ। ਰਾਜੇ ਨੇ ਖ਼ੁਦਾ ਤੋਂ ਮਿਲਣ ਵਾਲੇ ਨਿਸ਼ਾਨ ਨੂੰ ਲੈਣ ਤੋਂ ਨਾਂਹ ਕਰ ਦਿੱਤੀ ਸੀ ਕਿ ਉਹ ਅਹਾਜ਼ ਨੂੰ ਸੀਰੀਆ ਅਤੇ ਅਪਰੈਮ ਦੀ ਸਾਜ਼ਸ਼ ਤੋਂ ਬਚਾ ਲਵੇਗਾ। ਉਹਦੇ ਇਨਕਾਰ ਕਰਨ 'ਤੇ ਖ਼ੁਦਾ ਨੇ ਗੁੱਸੇ ਵਿਚ ਜਵਾਬ ਦਿੱਤਾ ਕਿ ਉਹ ਅਹਾਜ਼ ਨੂੰ ਨਿਸ਼ਾਨ ਤਾਂ ਦੇਵੇਗਾ ਹੀ, ਪਰ ਇਹ ਨਿਸ਼ਾਨ ਅਜਿਹਾ ਹੋਵੇਗਾ ਜੋ ਉਹਨੂੰ ਪਸੰਦ ਨਹੀਂ ਆਏਗਾ:

> ਇਸ ਲਈ ਪ੍ਰਭੂ ਆਪ ਹੀ ਤੁਹਾਨੂੰ ਇਕ ਨਿਸ਼ਾਨ ਦੇਵੇਗਾ। ਵੇਖੋ ਇਕ ਕੁਆਰੀ ਗਰਭਵਤੀ ਹੋਵੇਗੀ ਅਤੇ ਪੁੱਤਰ ਜਣੇਗੀ ਅਤੇ ਉਹ ਉਸਦਾ ਨਾਂ ਇਮਾਨੁਏਲ ਰੱਖੇਗੀ (ਯਸਾਯਾਹ 7:14)।

ਕਿਸੇ ਮਸ਼ਹੂਰ ਮੁਟਿਆਰ ਨੇ ਜਿਸਨੂੰ ਅਹਾਜ਼ ਜਾਣਦਾ ਸੀ, ਛੇਤੀ ਹੀ ਉਹਦੇ ਨਾਲ ਵਿਆਹ

ਕਰਨਾ ਸੀ ਅਤੇ ਇਕ ਪੁੱਤਰ ਨੂੰ ਜਨਮ ਦੇਣਾ ਸੀ ਜਿਸਦਾ ਨਿਰਾਲਾ ਜਿਹਾ ਨਾਂ ਇਮਾਨੁਏਲ ਰੱਖਿਆ ਜਾਣਾ ਸੀ ਜਿਸਦਾ ਮਤਲਬ ਹੈ ''ਖ਼ੁਦਾ ਸਾਡੇ ਨਾਲ।'' ਇਸ ਤੋਂ ਪਹਿਲਾਂ ਕਿ ਉਹ ਬੱਚਾ ਵੱਡਾ ਹੋਵੇ, ਦੋ ਕੌਮਾਂ ਦੀ ਧਮਕੀ ਛਿੰਨ-ਭਿੰਨ ਹੋ ਜਾਣੀ ਸੀ। ਪਰ ਖ਼ੁਦਾ ਨੇ ਕੁਝ ਹੋਰ ਹੀ ਕਿਹਾ ਸੀ: ਯਹੂਦਾ ਲਈ ਇਸਰਾਏਲ ਅਤੇ ਸੀਰੀਆ ਖ਼ਤਰਾ ਨਹੀਂ ਹੋਣਗੇ ਬਲਕਿ ਅੱਸ਼ੂਰ ਉਹਦੇ ਲਈ ਖਤਰਾ ਬਣਿਆ ਰਹੇਗਾ। ਅਸਲ 'ਚ ਅੱਸ਼ੂਰ ਨੇ ਯਹੂਦਾ ਕੌਮ ਨੂੰ ਇਸ ਤਰ੍ਹਾਂ ਘੇਰ ਲੈਣਾ ਸੀ ਕਿ ਯਹੂਦੀ ਲੋਕ ਭੁੱਖੇ ਮਰਨ ਲੱਗ ਪੈਣੇ ਸਨ। ਪਰ ਇਸ ਮੁਤਾਬਕ ਇਕ ਆਦਮੀ ਇਕ ਗਾਂ ਅਤੇ ਦੋ ਭੇਡਾਂ ਪਾਲ ਸਕੇਗਾ (ਯਸਾਯਾਹ 7:21, 22)। ਇਸ ਲਈ ਦੁੱਧ ਹੀ ਮਿਲੇਗਾ ਅਤੇ ਦੇਸ਼ ਦੇ ਲੋਕ ਦਹੀਂ ਅਤੇ ਸ਼ਹਿਦ ਖਾਣਗੇ।

ਫਿਰ ਨਬੂਵਤ ਵਿਚਲੇ ਇਸ ਬੱਚੇ ਨੇ, ਖਾਣੇ ਲਈ ਦਹੀਂ ਅਤੇ ਸ਼ਹਿਦ ਖਾਣਾ ਸੀ (ਯਸਾਯਾਹ 7:15)। ਮੁੰਡੇ ਦਾ ਨਾਂ ''ਇਮਾਨੁਏਲ'' ਭਾਵ ''ਖ਼ੁਦਾ ਸਾਡੇ ਨਾਲ'' ਹੋਣਾ ਸੀ। ਉਹਨੇ ਦੇਸ਼ ਨੂੰ ਸਜ਼ਾ ਦੇਣ ਲਈ ਯਹੂਦਾ ਨਾਲ ਹੋਣ ਦਾ ਖ਼ੁਦਾ ਦਾ ਨਿਸ਼ਾਨ ਦੇਣਾ ਸੀ। ਖ਼ੁਦਾ ਲੋਕਾਂ ਨਾਲ ਦੋ ਤਰ੍ਹਾਂ ਨਾਲ ਹੋ ਸਕਦਾ ਹੈ। ਖ਼ੁਦਾ ਨੇ ਯਹੂਦਾ ਦੇ ਨਾਲ ਹੋਣਾ ਸੀ, ਪਰ ਉਹਨੂੰ ਬਰਕਤ ਦੇਣ ਲਈ ਨਹੀਂ, ਬਲਕਿ ਯਹੂਦਾ ਨੂੰ ਸਜ਼ਾ ਦੇਣ ਲਈ। ਅਹਾਜ਼ ਅਤੇ ਉਹਦੇ ਲੋਕ ਬੇਵਿਸ਼ਵਾਸੇ ਸਨ ਅਤੇ ਖ਼ੁਦਾ ਨੇ ਆਪਣੇ ਵਚਨ ਅਨੁਸਾਰ ਹੀ ਕਰਨਾ ਸੀ।

ਯਸਾਯਾਹ 7:14 ਦਾ ਥੋੜ੍ਹੀ ਦੇਰ ਦਾ ਅਰਥ ਇਹੀ ਸੀ। ਪਰ ਨਬੀ ਦੀ ਭਾਸ਼ਾ ਵਿਚ ਅਹਾਜ਼ ਲਈ ਸਥਾਨਕ ਤੋਂ ਵਧ ਕੇ ਕੁਝ ਵਧੇਰੇ ਭਾਵ ਅਠਵੀਂ ਸਦੀ ਈਸਵੀ ਪੂਰਵ ਦਾ ਨਿਸ਼ਾਨ ਸੀ। ਯਸਾਯਾਹ ਸਿਰਫ਼ ਅਹਾਜ਼ ਦੇ ਜਿਉਂਦੇ ਰਹਿੰਦਿਆਂ ਇਸ ਨਬੂਵਤ ਦੇ ਅਲਪਕਲੀਨ ਪੂਰਾ ਹੋਣ ਵੱਲ ਇਸ਼ਾਰਾ ਨਹੀਂ ਕਰ ਰਿਹਾ ਸੀ ਬਲਕਿ ਉਹਦਾ ਇਸ਼ਾਰਾ ਕਈ ਸਦੀਆਂ ਬਾਅਦ ਮਰੀਅਮ ਅਤੇ ਯੂਸ਼ਫ ਦੇ ਦਿਨਾਂ ਵੱਲ ਸੀ। ਆਮ ਤੌਰ 'ਤੇ ਨਬੂਵਤਾਂ ਦਾ ਅਰਥ ਬੁਨਿਆਦੀ ਅਤੇ ਅਸਿੱਧਾ ਹੁੰਦੇ ਸਨ ਅਤੇ ਉਹ ਸਿੱਧੇ ਅਤੇ ਅਸਿੱਧੇ ਤੌਰ ਤੇ ਪ੍ਰਸੰਗਿਕ ਹੁੰਦੀਆਂ ਸਨ। ਖ਼ੁਦਾ ਦੇ ਫ਼ਰਿਸ਼ਤੇ ਨੇ ਸਵਾਲ ਕੀਤਾ ਕਿ ਮਰੀਅਮ ਦੇ ਗਰਭ ਵਿਚ ਬੱਚੇ ਦਾ ਹੋਣਾ ਵਿਚ ਦਾ ਕਾਰਣ ਨਹੀਂ ਬਲਕਿ ਖ਼ੁਦਾ ਦੇ ਉਦੇਸ਼ ਨੂੰ ਪਰਾ ਕਰਨ ਲਈ ਯਸਾਯਾਹ ਦੀ ਨਬੂਵਤ ਮੁਤਾਬਕ ਸੀ (ਮੱਤੀ 1:23)।

ਅਠਵੀਂ ਸਦੀ ਈ.ਪੂ. ਅਤੇ ਪਹਿਲੀ ਸਦੀ ਵਿਚ ਯਸਾਯਾਹ 7:14 ਪੂਰਾ ਹੋਣ ਵਿਚ ਫ਼ਰਕ ਹੈ, ਫਿਰ ਵੀ ਇੰਨ੍ਹਾ ਵਿਚ ਮਿਲੀਆਂ ਸਮਾਨਤਾਵਾਂ ਹਨ ਕਿ ਪਵਿੱਤਰ ਆਤਮਾ ਨੇ ਪਹਿਲੇ ਵਾਲੇ ਨੂੰ ਅਧਾਰ ਬਣਾ ਕੇ ਬਾਅਦ ਵਾਲੇ ਲਈ ਨਬੂਵਤ ਕੀਤੀ। *ਅਲਮਾਹ* ਸ਼ਬਦ ਦੇ ਵਿਆਪਕ ਅਰਥ ਵਿਚ (''ਮੁਟਿਆਰ'') ਲਈ ਜ਼ਰੂਰੀ ਨਹੀਂ ਕਿ ਕੁਆਰੀ ਤੋਂ ਜਨਮ ਅਠਵੀਂ ਸਦੀ ਈ.ਪੂ. ਵਿਚ ਹੀ ਹੋਵੇ ਅਤੇ ਅਜਿਹਾ ਹੋਣ ਦੀ ਗੱਲ ਲਿਖਤੀ ਤੌਰ ਤੇ ਮਿਲਦੀ ਵੀ ਨਹੀਂ ਹੈ। ਪਰ ਪਹਿਲੀ ਸਦੀ ਵਿਚ ਇਕ ਖ਼ਾਸ ਮੁਟਿਆਰ (ਇਕ ਕੁਆਰੀ: ਯੂ.: *parthenos*; ਮੱਤੀ 1:23 ਕੁਆਰੀ ) ਤਾਂ ਮਾਂ ਬਣ ਗਈ ਸੀ।

ਅਹਾਜ਼ ਦੇ ਦਿਨ ਵਿਚ ਪੈਦਾ ਹੋਣ ਵਾਲਾ ਲੜਕਾ ਨਾਂ ਦਾ ਹੀ ਇਮਾਨੁਏਲ ਭਾਵ ''ਖ਼ੁਦਾ ਸਾਡੇ ਨਾਲ'' ਸੀ ਪਰ ਉਹ ਲੜਕਾ ਅਸਲ ਵਿਚ ਖ਼ੁਦਾ ਨਹੀਂ ਸੀ। ਇਹਦੇ ਉਲਟ ਮਰੀਅਮ ਦੇ ਸਮੇਂ ਵਿਚ ਇਮਾਨੁਏਲ, ''ਖ਼ੁਦਾ ਸਾਡੇ ਨਾਲ'' ਨਾਂ ਦਾ ਇਕ ਲੜਕਾ ਪੈਦਾ ਹੋਇਆ, ਜੋ ਅਸਲ 'ਚ ਖ਼ੁਦਾ ਸੀ। ਅਹਾਜ਼ ਦੇ ਸਮੇਂ ਵਾਲਾ ਲੜਕਾ ਸਿਰਫ਼ ਆਪਣੇ ਨਾਂ ਤੋਂ ਹੀ ਇਕ ਨਿਸ਼ਾਨ ਸੀ ਪਰ ਮਰੀਅਮ ਦਾ ਪੁੱਤਰ ਆਪਣੇ ਨਾਂ ਅਤੇ ਗੁਣ ਤੋਂ ਇਕ ਨਿਸ਼ਾਨ ਸੀ।

ਅਹਾਜ਼ ਦੇ ਸਮੇਂ ਜਿਸ ਲੜਕੇ ਦੀ ਨਬੂਵਤ ਕੀਤੀ ਗਈ ਸੀ ਉਹ ਇਸ ਗੱਲ ਦਾ ਪ੍ਰਤੀਕ ਸੀ। ਖ਼ੁਦਾ ਯਹੂਦਾ ਦੇ ਨਾਲ ਹੋਵੇਗਾ, ਜਿਸ ਬਾਲਕ ਦੀ ਨਬੂਵਤ ਮਰੀਅਮ ਦੇ ਸਮੇਂ ਕੀਤੀ ਗਈ ਸੀ ਉਹ ਇਸ ਗੱਲ ਦਾ ਪ੍ਰਤੀਕ ਸੀ ਕਿ ਖ਼ੁਦਾ ਸਾਰੇ ਸੰਸਾਰ ਦੇ ਨਾਲ ਹੋਵੇਗਾ (ਯੂਹੰਨਾ 3: 16; 1 ਯੂਹੰਨਾ 2: 2)। ਅਹਾਜ਼ ਦੇ ਦਿਨਾਂ ਵਿਚ ਮੌਤ ਵਾਲਾ ਨਿਸ਼ਾਨ ਇਕ ਚਿਤਾਵਨੀ ਸੀ ਕਿ ਖ਼ੁਦਾ ਲੋਕਾਂ ਨਾਲ ਉਨ੍ਹਾਂ ਨੂੰ ਸਜ਼ਾ ਦੇਣ ਲਈ ਹੋਵੇਗਾ। ਮਰੀਅਮ ਦੇ ਸਮੇਂ ਮਿਲਣ ਵਾਲਾ ਨਿਸ਼ਾਨ ਇਹ ਖੁਸ਼ਖਬਰੀ ਸੀ ਕਿ ਖ਼ੁਦਾ ਬਰਕਤ ਦੇਣ ਲਈ ਉਨ੍ਹਾਂ ਦੇ ਨਾਲ ਹੋਵੇਗਾ।

ਜੇ ਮਰੀਅਮ ਦਾ ਬੱਚਾ ਕੁਆਰੀ ਤੋਂ ਨਾ ਪੈਦਾ ਹੁੰਦਾ ਤਾਂ ਉਹਨੇ ਅਸਲ ਵਿਚ ਇਮਾਨੁਏਲ, ''ਖ਼ੁਦਾ ਸਾਡੇ ਨਾਲ'' ਨਹੀਂ ਹੋਣਾ ਸੀ ਕਿਉਂਕਿ ਉਹ ਫਿਰ ਸਾਡੇ ਵਾਂਗ ਆਮ ਆਦਮੀ ਹੋਣਾ ਸੀ ਅਤੇ ਉਹ ਖ਼ੁਦਾ-ਮਨੁੱਖ ਨਹੀਂ ਸੀ ਹੋ ਸਕਦਾ। ਨਾਲੇ ਉਹਨੇ ਵਿਭਚਾਰ ਤੋਂ ਪੈਦਾ ਹੋਈ ਨਜਾਇਜ਼ ਸੰਤਾਨ ਹੋਣਾ ਸੀ। ਅਜਿਹਾ ਹੁੰਦਾ ਤਾਂ ਯਿਸੂ ਖ਼ੁਦਾ ਈ ਨਾ ਹੁੰਦਾ ਅਤੇ ਉਹਦਾ ਧਰਮ ਇਕ ਫ਼ਰੇਬ ਹੁੰਦਾ। ਅਜਿਹੀ ਹਾਲਤ ਵਿਚ ਨਾਮ ''ਇਮਾਨੁਏਲ'' ਭਾਵ ''ਖ਼ੁਦਾ ਸਾਡੇ ਨਾਲ'' ਇਕ ਮਜ਼ਾਕ ਹੋਣਾ ਸੀ।

## ਅਬਰਾਹਾਮ ਦਾ ਅੰਸ (ਉਤਪਤ 22:18)

ਖ਼ੁਦਾ ਨੇ ਨਬੂਵਤ ਕੀਤੀ ਕਿ ਅਬਰਾਹਾਮ ਸੰਸਾਰ ਲਈ ਬਰਕਤ ਦਾ ਕਾਰਣ ਹੋਵੇਗਾ। ਉਤਪਤ 12: 3 ਵਿਚ ਉਹਨੇ ''ਤੇਰੇ ਰਾਹੀਂ'' ਵਾਕ ਅੰਸ਼ ਨਾਲ ਪਿਛਲੀ ਆਇਤ ਵਿਚ ਸ਼ਬਦ ''ਅੰਸ'' ਦੀ ਵਰਤੋਂ ਅਬਰਾਹਾਮ ਦੀਆਂ ਆਉਣ ਵਾਲੀਆਂ ਪੀੜ੍ਹੀਆਂ (ਭਾਵ ਪੂਰੀ ਇਸਰਾਏਲ ਕੌਮ) ਲਈ ਵਰਤਿਆ ਗਿਆ, ਪਰ ਇਹਦੀ ਵਰਤੋਂ ਉਤਪਤ 22: 17 ਵਿਚ ਇਸ ਤਰ੍ਹਾਂ ਨਹੀਂ ਕੀਤਾ ਗਿਆ। ਆਇਤ 18 ਦਾ ਸ਼ਬਦ ''ਅੰਸ'' ਅਬਰਾਹਾਮ ਦੇ ਅੰਸਾਂ ਵਿੱਚੋਂ ਇਕ ਭਾਵ ਯਿਸੂ ਲਈ ਖ਼ਾਸ ਨਬੂਵਤ ਤਕ ਸੀਮਤ ਹੈ। ਗਲਾਤੀਆਂ 3: 16 ਵਿਚ ਪੌਲੁਸ ਓਸੇ ਆਇਤ ਦੀ ਗੱਲ ਕਰ ਰਿਹਾ ਸੀ ਜਦ ਉਹਨੇ ਕਿਹਾ ''ਹੁਣ ਅਬਰਾਹਾਮ ਅਤੇ ਉਹਦੀ ਅੰਸ ਨੂੰ ਵਚਨ ਦਿੱਤੇ ਗਏ ਸਨ। ਉਹ ਨਹੀਂ ਕਹਿੰਦਾ, 'ਅੰਸਾਂ ਨੂੰ' ਜਿਵੇਂ ਬਾਹਲਿਆਂ ਲਈ ਪਰ ਜਿਵੇਂ ਇਕ ਲਈ ਕਹਿੰਦਾ ਹੈ ਭਾਵ 'ਤੇਰੀ ਅੰਸ ਨੂੰ,' ਸੋ ਉਹ ਮਸੀਹ ਹੈ।'' ਇਸ ਤਰ੍ਹਾਂ ਆਤਮਾ ਦੀ ਪ੍ਰੇਰਣਾ ਪਾਏ ਹੋਏ ਨਵੇਂ ਨੇਮ ਦੇ ਇਕ ਲੇਖਕ ਨੇ ਪੁਰਾਣੇ ਨੇਮ ਦੀ ਨਬੂਵਤ ਦਾ ਸਾਫ਼ ਅਰਥ ਬੜੇ ਵਧੀਆ ਢੰਗ ਨਾਲ ਸਮਝਾ ਦਿੱਤਾ।

ਨਵੇਂ ਨੇਮ ਦੇ ਇਕ ਹੋਰ ਬੁਲਾਰੇ ਨੇ ਉਤਪਤ 22: 18 ਵਾਲੀ ਮਸੀਹ ਦੀ ਅਹਿਮੀਅਤ ਵੱਲ ਇਸ਼ਾਰਾ ਕੀਤਾ। ਯਰੂਸ਼ਲਮ ਦੀ ਹੈਕਲ ਵਿਚ ਸੁਲੇਮਾਨ ਦੇ ਹਾਲ ਵਿਚ, ਪਤਰਸ ਨੇ ਕਿਹਾ ਸੀ, ''ਤੁਸੀਂ ਨਬੀਆਂ ਦੇ ਅਤੇ ਉਸ ਨੇਮ ਦੇ ਪੁੱਤਰ ਹੋ ਜਿਹਨੂੰ ਪਰਮੇਸ਼ੁਰ ਨੇ ਤੁਹਾਡੇ ਪਿਉ ਦਾਦਿਆਂ ਨਾਲ ਕੀਤਾ ਸੀ ਜਦ ਅਬਰਾਹਾਮ ਨੂੰ ਆਖਿਆ, ਤੇਰੀ ਅੰਸ ਵਿਚ ਧਰਤੀ ਦੇ ਸਾਰੇ ਘਰਾਣੇ ਬਰਕਤ ਪਾਉਣਗੇ'' (ਰਸੂਲਾਂ ਦੇ ਕੰਮ 3: 25)।

## ਇਕ ਗਲੀਲੀ ਧਰਮ ਸੇਵਕ (ਯਸਾਯਾਹ 9:1, 2)

ਆਉਣ ਵਾਲੇ ਮਸੀਹ ਲਈ ਪੁਰਾਣੇ ਨੇਮ ਦੀਆਂ ਬਹੁਤ ਸਾਰੀਆਂ ਨਬੂਵਤਾਂ ਉਨ੍ਹਾਂ ਵਿਚ ਪੂਰੀਆਂ ਹੋਣੀਆਂ ਸਨ। ਪਰ ਉਨ੍ਹਾਂ ਵਿੱਚੋਂ ਕਈਆਂ ਦਾ ਪੁਰਾਣੇ ਨੇਮ ਵਿਚ ਕੋਈ ਅਰਥ ਨਹੀਂ ਹੈ।

ਅਠਵੀਂ ਸਦੀ ਈ.ਪੂ. ਵਿਚ ''ਇੰਜੀਲ ਦੇ ਨਬੀ'' ਯਸਾਯਾਹ ਨੇ ਉਨ੍ਹਾਂ ਵਰਗੀਆਂ ਕਈ ਨਬੂਵਤਾਂ ਲਿਖੀਆਂ:

> ਪਰ ਉਹ ਦੇ ਲਈ ਜਿਹੜੀ ਕਸ਼ਟ ਵਿਚ ਸੀ ਧੁੰਦ ਨਹੀਂ ਹੋਵੇਗੀ। ਪਿਛਲੇ ਸਮੇਂ ਵਿਚ ਉਹਨੇ ਜ਼ਬੁਲੂਨ ਦੀ ਧਰਤੀ ਅਤੇ ਨਫ਼ਤਾਲੀ ਦੀ ਧਰਤੀ ਨੂੰ ਤੁੱਛ ਕੀਤਾ ਪਰ ਆਖ਼ਰੀ ਸਮੇਂ ਵਿਚ ਉਹ ਸਮੁੰਦਰ ਦੇ ਰਾਹ ਯਰਦਨੋਂ ਪਾਰ ਕੌਮਾਂ ਦੇ ਗਲੀਲ ਨੂੰ ਪ੍ਰਤਾਪਵਾਨ ਕਰੇਗਾ।
>
> ਜਿਹੜੇ ਲੋਕ ਹਨੇਰੇ ਵਿਚ ਚੱਲਦੇ ਸਨ, ਉਨ੍ਹਾਂ ਨੇ ਵੱਡਾ ਚਾਨਣ ਵੇਖਿਆ, ਅਤੇ ਜਿਹੜੇ ਮੌਤ ਦੇ ਸਾਏ ਦੇ ਦੇਸ ਵਿਚ ਵੱਸਦੇ ਸਨ, ਉਨ੍ਹਾਂ ਉੱਤੇ ਚਾਨਣ ਚਮਕਿਆ (ਯਸਾਯਾਹ 9:1, 2)।

''ਬਾਅਦ ਵਿਚ'' ਗਲੀਲ ਦੇ ਦੇਸ਼ ਨੇ ਵਡਿਆਈ ਪਾ ਕੇ ਹਮੇਸ਼ਾ ਲਈ ਮਸ਼ਹੂਰ ਹੋ ਜਾਣਾ ਸੀ। ਸਾਫ਼ ਹੈ ਕਿ ਸੁਰਗ ਛੱਡਣ ਤੋਂ ਪਹਿਲਾਂ ਹੀ ਯਿਸੂ ਨੇ ਧਰਤੀ 'ਤੇ ਆਪਣੀ ਸੇਵਕਾਈ ਦਾ ਬਹੁਤਾ ਵਕਤ ਗਲੀਲ ਵਿਚ ਕੱਟਣ ਦੀ ਯੋਜਨਾ ਬਣਾਈ ਸੀ:

> ਜਦ ਉਹ ਨੇ ਸੁਣਿਆ ਕਿ ਯੂਹੰਨਾ ਫੜ੍ਹਿਆ ਗਿਆ ਤਾਂ ਉਹ ਗਲੀਲ ਨੂੰ ਤੁਰ ਪਿਆ। ਅਤੇ ਨਾਸਰਤ ਨੂੰ ਛੱਡ ਕੇ ਕਫ਼ਰਨਾਹੂਮ ਵਿਚ ਜਾ ਰਿਹਾ, ਜਿਹੜਾ ਝੀਲ ਦੇ ਕੰਢੇ ਜ਼ਬੁਲੂਨ ਅਤੇ ਨਫ਼ਥਾਲੀ ਦੇ ਬੰਨਿਆਂ ਵਿਚ ਹੈ। ਕਿ ਯਸਾਯਾਹ ਨਬੀ ਦਾ ਵਾਕ ਪੂਰਾ ਹੋਵੇ ਕਿ:
>
> ਜ਼ਬੁਲੂਨ ਦੀ ਧਰਤੀ ਅਤੇ ਨਫ਼ਥਾਲੀ ਦੀ ਧਰਤੀ, ਸਮੁੰਦਰ ਦੀ ਰਾਹ ਯਰਦਨੋਂ ਪਾਰ, ਪਰਾਈਆਂ ਕੌਮਾਂ ਦੀ ਗਲੀਲ ਜਿਹੜੇ ਲੋਕ ਅਨ੍ਹੇਰੇ ਵਿਚ ਬੈਠੇ ਹੋਏ ਸਨ, ਉਨ੍ਹਾਂ ਨੇ ਵੱਡਾ ਚਾਨਣ ਵੇਖਿਆ, ਅਤੇ ਜਿਹੜੇ ਮੌਤ ਦੇ ਦੇਸ਼ ਅਤੇ ਛਾਇਆ ਵਿਚ ਬੈਠੇ ਹੋਏ ਸਨ, ਉਨ੍ਹਾਂ ਲਈ ਚਾਨਣ ਪ੍ਰਕਾਸ਼ ਹੋਇਆ (ਮੱਤੀ 4:12-16)।

## ਮਸਹ ਕੀਤਾ ਹੋਇਆ ਪ੍ਰਚਾਰਕ (ਯਸਾਯਾਹ 61:1-3)

ਇਕ ਮਸਹ ਹੋਏ ਪ੍ਰਚਾਰਕ ਨੇ ਅਠਵੀਂ ਸਦੀ ਈ.ਪੂ. ਯਸਾਯਾਹ ਦੀ ਪੱਤਰੀ ਦੇ ਰਾਹੀਂ ਪੇਸ਼ਨਗੋਈ ਕੀਤੀ ਸੀ:

> ਪ੍ਰਭੂ ਯਹੋਵਾਹ ਦਾ ਆਤਮਾ ਮੇਰੇ ਉੱਤੇ ਹੈ
> ਕਿਉਂਕਿ ਯਹੋਵਾਹ ਨੇ ਮੈਨੂੰ ਮਸਹ ਕੀਤਾ,
> ਕਿ ਗ਼ਰੀਬਾਂ ਨੂੰ ਖੁਸ਼ਖਬਰੀ ਸੁਣਾਵਾਂ,
> ਓਸ ਮੈਨੂੰ ਘੱਲਿਆ ਹੈ, ਕਿ ਟੁੱਟੇ ਦਿਲ ਵਾਲਿਆਂ ਦੇ ਪੱਟੀ ਬੰਨ੍ਹਾਂ,
> ਅਤੇ ਬੰਧੂਆਂ ਨੂੰ ਛੁੱਟਣ ਦਾ
> ਅਤੇ ਅਸੀਰਾਂ ਨੂੰ ਖੁੱਲ੍ਹਣ ਦਾ ਪ੍ਰਚਾਰ ਕਰਾਂ,
> ਕਿ ਮੈਂ ਯਹੋਵਾਹ ਦੇ ਮਨ ਭਾਉਂਦੇ ਵਰ੍ਹੇ ਦਾ,
> ਅਤੇ ਸਾਡੇ ਪਰਮੇਸ਼ੁਰ ਦੇ ਬਦਲਾ ਲੈਣ ਦੇ ਦਿਨ ਦਾ ਪ੍ਰਚਾਰ ਕਰਾਂ,

ਅਤੇ ਸੋਗੀਆਂ ਨੂੰ ਦਿਲਾਸਾ ਦਿਆਂ,
ਕਿ ਸਿੱਯੋਨ ਦੇ ਸੋਗੀਆਂ ਲਈ ਇਹ ਕਰਾਂ,
ਉਨ੍ਹਾਂ ਨੂੰ ਸੁਆਹ ਦੇ ਥਾਂ ਸਿਹਰਾ,
ਸੋਗ ਦੇ ਥਾਂ ਖੁਸ਼ੀ ਦਾ ਤੇਲ,
ਨਿਮ੍ਹੇ ਆਤਮਾ ਦੀ ਥਾਂ ਉਸਤਤ ਦਾ ਸਰੋਪਾ ਬਖ਼ਸ਼ਾਂਗਾ,
ਅਤੇ ਉਹ ਧਰਮ ਦੇ ਬਲੂਤ,
ਯਹੋਵਾਹ ਦੇ ਲਾਏ ਹੋਏ ਸਦਾਉਣਗੇ,
ਕਿ ਉਸ ਦੀ ਸਜਾਵਟ ਹੋਵੇ (ਯਸਾਯਾਹ 61:1-3)।

ਪਹਿਲੀ ਸਦੀ ਵਿਚ ਤੀਹ ਸਾਲ ਦੇ ਇਕ ਅਨਪੜ੍ਹ ਤਰਖਾਣ ਨੇ ਸਿਨਾਗੋਗ ਦੇ ਆਲਮਾਂ ਨੂੰ ਹੈਰਾਨ ਕਰ ਦਿੱਤਾ ਸੀ:

> ਫਿਰ ਉਹ [ਯਿਸੂ] ਨਾਸਰਤ ਨੂੰ ਆਇਆ ਜਿੱਥੇ ਪਲਿਆ ਸੀ ਅਤੇ ਆਪਣੇ ਦਸਤੂਰ ਅਨੁਸਾਰ ਸੱਬਤ ਦੇ ਦਿਨ ਸਮਾਜ ਵਿਚ ਜਾ ਕੇ ਪੜ੍ਹਨ ਲਈ ਖੜਾ ਹੋਇਆ। ਅਤੇ ਯਸਾਯਾਹ ਨਬੀ ਦੀ ਪੋਥੀ ਉਹਨੂੰ ਦਿੱਤੀ ਗਈ ਅਤੇ ਉਸ ਨੇ ਪੋਥੀ ਖੋਲ੍ਹ ਕੇ ਉਹ ਥਾਂ ਕੱਢਿਆ ਜਿੱਥੇ ਇਹ ਲਿਖਿਆ ਹੋਇਆ ਸੀ,
>
> ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਸ ਨੇ ਮੈਨੂੰ ਮਸਹ ਕੀਤਾ ਕਿ ਗਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ। ... (ਲੂਕਾ 4:16-18)।

ਉਹਨੇ ਨਬੂਵਤ ਦੀਆਂ ਖ਼ੂਬਸੂਰਤ ਗੱਲਾਂ ਨੂੰ ਪੜ੍ਹ ਕੇ ਕਿਤਾਬ ਬੰਦ ਕਰ ਦਿੱਤੀ ਅਤੇ ਬੇਝਿਜਕ ਹੋ ਕੇ ਐਲਾਨ ਕੀਤਾ ਕਿ ''ਅੱਜ ਇਹ ਲੇਖ ਤੁਹਾਡੇ ਸਾਹਮਣੇ ਪੂਰਾ ਹੋਇਆ ਹੈ'' (ਲੂਕਾ 4:21)।

ਯਿਸੂ ਨੂੰ ਛੱਡ ਕਿਸੇ ਲਈ ਵੀ ਅਜਿਹਾ ਦਾਅਵਾ ਕਰਨਾ ਉਹਦੀ ਸੋਚ ਤੋਂ ਬਹੁਤ ਪਰ੍ਹੇ ਹੋਵੇਗਾ। ਕਿਉਂਕਿ ਯਿਸੂ ਲਈ ਅਜਿਹਾ ਦਾਅਵਾ ਸੁਭਾਵਿਕ ਅਤੇ ਢੁਕਵਾਂ ਸੀ।

## ਮੂਸਾ ਵਰਗਾ ਇਕ ਨਬੀ (ਵਿਵਸਥਾਸਾਰ 18:15)

ਸੀਨਾ ਪਹਾੜ 'ਤੇ ਪਹਾੜ ਦੇ ਕੰਬਣ ਵੇਲੇ ਉਥੇ ਇਸਰਾਏਲੀ ਵੀ ਕੰਬ ਉੱਠੇ ਸਨ। ਉਨ੍ਹਾਂ ਨੇ ਬੱਦਲ ਗਰਜਦਿਆਂ, ਬਿਜਲੀ ਚਮਕਦਿਆਂ ਅਤੇ ਪਹਾੜ 'ਤੇ ਛਾਈ ਕਾਲੀ ਘਟਾ ਨੂੰ ਵੇਖਿਆ ਸੀ। ਜਿਸ ਨਾਲ ਪੂਰਾ ਪਹਾੜ ਧੂੰਏ ਨਾਲ ਭਰ ਗਿਆ ਸੀ (ਕੂਚ 19:16-18; 20:18)। ਜਦ ਖ਼ੁਦਾ ਦੇ ਮੂੰਹ ਤੋਂ ਦਸ ਹੁਕਮ ਸੁਣਾਏ ਗਏ ਤਾਂ ਉਹ ਸਾਰੇ ਥਰਥਰਾ ਉਠੇ ਸਨ। ਇਨ੍ਹਾਂ ਭੈਭੀਤ ਲੋਕਾਂ ਨੇ ਮੂਸਾ ਨੂੰ ਬੇਨਤੀ ਕੀਤੀ ਸੀ ਕਿ ਉਹੀ ਗੱਲ ਕਰੇ, ਤਾਂ ਜੋ ਅਜਿਹਾ ਨਾ ਹੋਵੇ ਕਿ ਖ਼ੁਦਾ ਦੇ ਐਨਾ ਨੇੜੇ ਹੋਣ ਕਰਕੇ ਉਹ ਮਰ ਹੀ ਜਾਣ। ਮੂਸਾ ਨੇ ਯਹੋਵਾਹ ਨਾਲ ਗੱਲ ਕੀਤੀ ਅਤੇ ਉਹਨੇ ਮੂਸਾ ਵਰਗੇ ਇਕ ਹੋਰ ਨੁਮਾਇੰਦੇ ਨੂੰ ਖ਼ੁਦਾ ਦਾ ਬੁਲਾਰਾ ਬਣਾ ਕੇ ਉਹਨੂੰ ਖ਼ੁਦਾ ਦਾ ਪੈਗ਼ਾਮ ਦੇ ਦਿੱਤਾ:

> ਤੁਹਾਡੇ ਵਿੱਚੋਂ ਅਰਥਾਤ ਤੁਹਾਡੇ ਭਰਾਵਾਂ ਵਿੱਚੋਂ ਯਹੋਵਾ ਤੁਹਾਡਾ ਪਰਮੇਸ਼ੁਰ ਮੇਰੇ

> ਵਰਗਾ ਤੁਹਾਡੇ ਲਈ ਇਕ ਨਬੀ ਖੜਾ ਕਰੇਗਾ, ਤੁਸੀਂ ਉਹਦੀ ਸੁਣਿਓ। ਉਸ ਸਾਰੇ ਦੇ ਅਨੁਸਾਰ ਜਿਹੜਾ ਯਹੋਵਾਹ ਆਪਣੇ ਪਰਮੇਸ਼ੁਰ ਤੋਂ ਹੋਰੇਬ ਉੱਤੇ ਸਭਾ ਦੇ ਦਿਨ ਇਹ ਆਖ ਕੇ ਮੰਗਿਆ ਕਿ ਅਸੀਂ ਫੇਰ ਯਹੋਵਾਹ ਆਪਣੇ ਯਹੋਵਾਹ ਦੀ ਅਵਾਜ਼ ਨਾ ਸੁਣੀਏ ਨਾ ਫੇਰ ਇਹ ਵੱਡੀ ਅੱਗ ਵੇਖੀਏ ਤਾਂ ਜੋ ਅਸੀਂ ਮਰ ਨਾ ਜਾਈਏ (ਵਿਵਸਥਾਸਾਰ 18:15, 16)।

ਖ਼ੁਦਾ ਨੇ ਸੋਚਿਆ ਕਿ ਬੁਲਾਰੇ ਲਈ ਲੋਕਾਂ ਦੀ ਬੇਨਤੀ ਸਹੀ ਸੀ। ਉਹਨੇ ਮੂਸਾ ਨੂੰ ਕਿਹਾ ਕਿ ਉਹ ਜੋ ਕੁਝ ਆਖਦੇ ਹਨ, ਠੀਕ ਆਖਦੇ ਹਨ (ਵਿਵਸਥਾਸਾਰ 18:18) ਅਤੇ ਆਪਣਾ ਵਾਅਦਾ ਦੁਹਰਾਇਆ:

> ਮੈਂ ਉਨ੍ਹਾਂ ਲਈ ਉਨਾਂ ਦੇ ਭਰਾਵਾਂ ਵਿੱਚੋਂ ਤੇਰੇ ਵਰਗਾ ਇਕ ਨਬੀ ਖੜਾ ਕਰਾਂਗਾ, ਅਤੇ ਮੈਂ ਆਪਣੇ ਸ਼ਬਦ ਉਹਦੇ ਮੂੰਹ ਵਿਚ ਪਾਵਾਂਗਾ ਅਤੇ ਉਹ ਇਹ ਸਾਰੇ ਹੁਕਮ ਜਿਹੜੇ ਮੈਂ ਉਹਨੂੰ ਦਿਆਂਗਾ ਉਨ੍ਹਾਂ ਨੂੰ ਦੱਸੇਗਾ। ਤਾਂ ਇਉਂ ਹੋਵੇਗਾ ਕਿ ਜਿਹੜਾ ਮਨੁੱਖ ਮੇਰੇ ਸ਼ਬਦ ਨਾ ਸੁਣੇਗਾ ਜੋ ਉਹ ਮੇਰੇ ਨਾਮ 'ਤੇ ਬੋਲੇਗਾ ਮੈਂ ਉਸ ਤੋਂ ਉਸ ਦਾ ਲੇਖਾ ਲਵਾਂਗਾ (ਵਿਵਸਥਾਸਾਰ 18:18, 19)।

ਮੂਸਾ ਵਰਗਾ ਇਕ ਨਬੀ ਆਉਣਾ ਸੀ। ਯਕੀਨਨ ਮੂਸਾ ਕੋਈ ਆਮ ਨਬੀ ਨਹੀਂ ਸੀ। ਉਹਦੇ ਨਾਲ ਖ਼ੁਦਾ ''ਆਹਮੋ-ਸਾਹਮਣੇ ਹੋ ਖੁੱਲ੍ਹ ਕੇ ਗੱਲਾਂ'' ਕਰਦਾ ਸੀ ''ਬੁਝਾਰਤਾਂ ਵਿਚ ਨਹੀਂ ਅਤੇ ਉਹ ਯਹੋਵਾਹ ਦਾ ਸਰੂਪ ਵੇਖ'' ਸਕਦਾ ਸੀ (ਗਿਣਤੀ 12:8)। ਇਸਰਾਏਲ ਵਿਚ ਮੂਸਾ ਨਾਲੋਂ ਵੱਡਾ ਨਬੀ ਕੋਈ ਨਹੀਂ ਸੀ, ''ਜਿਸ ਨੂੰ ਯਹੋਵਾਹ ਮੂੰਹ ਦਰ ਮੂੰਹ ਜਾਣਦਾ ਸੀ'' (ਵਿਵਸਥਾਸਾਰ 34:10)। ਇਸ ਕਰਕੇ ਉਹਦਾ ਵਾਰਿਸ ਕੋਈ ਆਮ ਆਦਮੀ ਨਹੀਂ ਹੋਣਾ ਸੀ।

ਯਹੋਵਾਹ ਨੇ ਕਿਹਾ ਸੀ ਕਿ ਵਾਅਦਾ ਕੀਤੇ ਹੋਏ ਨਬੀ ਦੇ ''ਮੂੰਹ ਵਿਚ'' (ਵਿਵਸਥਾਸਾਰ 18:17) ਖ਼ੁਦਾ ਦਾ ਵਚਨ ਹੋਵੇਗਾ। ਉਹਨੂੰ ਅਤੇ ਉਹਦੀਆਂ ਗੱਲਾਂ ਨੂੰ ਮੰਨਣ ਦਾ ਮਤਲਬ ਖ਼ੁਦਾ ਨੂੰ ਕਬੂਲ ਕਰਨਾ ਹੋਣਾ ਸੀ, ਅਤੇ ਉਹਦੀਆਂ ਗੱਲਾਂ ਨੂੰ ਨਕਾਰਨ ਦਾ ਮਤਲਬ ਖ਼ੁਦਾ ਨੂੰ ਨਕਾਰਨਾ ਹੋਣਾ ਸੀ (ਵਿਵਸਥਾਸਾਰ 18:19)।

ਮੂਸਾ ਦੇ ਲੋਕਾਂ ਨੂੰ ਕਦੇ ਖ਼ਾਸ ਨਬੀ ਦਾ ਇਹ ਵਾਅਦਾ ਭੁੱਲਿਆ ਨਹੀਂ। ਉਹ ਆਪਣੇ ਬੱਚਿਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਉਸਦੇ ਆਉਣ ਦਾ ਰਾਹ ਦੱਸਣ ਦੀ ਸਲਾਹ ਦਿੰਦੇ ਸਨ। ਉਹ ਉਹਨੂੰ ''ਉਹ ਨਬੀ '' (ਯੂਹੰਨਾ 1:21, 25) ਆਖਣ ਲੱਗ ਪਏ ਸਨ। ਮੂਸਾ ਤੋਂ ਪੰਦਰਾਂ ਸਦੀਆਂ ਬਾਅਦ, ਯੂਹੰਨਾ ਦੇ ਕੰਮ ਨਾਲ ਖਿੱਚੇ ਜਾ ਕੇ ਯਹੂਦੀ ਲੋਕਾਂ ਨੂੰ ਇਕ ਦਿਨ ਵਿਵਸਥਾਸਾਰ ਦੀ 18:15 ਦੀ ਨਬੂਵਤ ਦਾ ਧਿਆਨ ਆਇਆ ਅਤੇ ਉਨ੍ਹਾਂ ਨੇ ਯੂਹੰਨਾ ਨੂੰ ਉਚੇਚੇ ਤੌਰ 'ਤੇ ਪੁੱਛਿਆ, ''ਕੀ ਤੂੰ ਉਹ ਨਬੀ ਹੈਂ?'' (ਯੂਹੰਨਾ 1:21)। ਯੂਹੰਨਾ ਨਾਲੋਂ ਵੱਡਾ ਕੋਈ ਸ਼ਖ਼ਸ ਨਹੀਂ ਸੀ ਪਰ ਉਹ ਵਾਅਦਾ ਕੀਤਾ ਹੋਇਆ ਨਬੀ ਨਹੀਂ ਸੀ ਅਤੇ ਉਹਨੇ ਸਵਾਲ ਪੁੱਛਣ ਵਾਲਿਆਂ ਨੂੰ ਸਾਫ਼-ਸਾਫ਼ ਕਹਿ ਦਿੱਤਾ ਕਿ ਉਹ, ਉਹ ਨਬੀ ਨਹੀਂ ਹੈ।

ਪਰ ਯੂਹੰਨਾ ਜਿਹਨੇ ਕੋਈ ਮੋਅਜਜ਼ਾ ਨਹੀਂ ਕੀਤਾ (ਯੂਹੰਨਾ 10:41) ਉਸਦਾ ਇਕ ਰਿਸ਼ਤੇਦਾਰ ਸੀ ਜੋ ਪੰਜ ਰੋਟੀਆਂ ਅਤੇ ਮੱਛੀ ਦੇ ਦੋ ਟੁਕੜਿਆਂ ਨੂੰ ਐਨਾ ਵਧਾ ਸਕਦਾ ਸੀ ਕਿ ਦਸ ਹਜ਼ਾਰ ਲੋਕਾਂ ਦੇ ਖਾਣ ਤੋਂ ਬਾਅਦ ਵੀ ਬਚ ਵੀ ਸਕਦੀਆਂ ਸਨ (ਵੇਖੋ ਯੂਹੰਨਾ 6:9,

10)। ਕਾਇਲ ਕਰਨ ਵਾਲੇ ਅਜਿਹੇ ਨਿਸ਼ਾਨਾਂ ਕਰਕੇ ਯਹੂਦੀ ਲੋਕ ਵਿਵਸਥਾਸਾਰ 18:15 ਵਿਚ ਮੂਸਾ ਦੇ ਵਾਅਦੇ ਉੱਤੇ ਵਿਚਾਰ ਕਰਨ ਅਤੇ ਹੈਰਾਨ ਹੋ ਕੇ ਕਹਿਣ ਲੱਗੇ, ''ਉਹ ਨਬੀ ਜੋ ਜਗਤ ਵਿਚ ਆਉਣ ਵਾਲਾ ਸੀ ਯਕੀਨਨ ਇਹੀ ਹੈ'' (ਯੂਹੰਨਾ 6:14)।

ਇਹ ਵਿਖਾਉਣ ਦੇ ਇਲਾਵਾ ਕਿ ਉਹ ਕੁਦਰਤ ਦਾ ਮਾਲਿਕ ਹੈ, ਯਿਸੂ ਨੇ ਗੱਲਾਂ ਵੀ ਅਜਿਹੀਆਂ ਕੀਤੀਆਂ ਜੋ ਕਦੇ ਕਿਸੇ ਮਨੁੱਖ ਨੇ ਨਹੀਂ ਕੀਤੀਆਂ ਸਨ (ਯੂਹੰਨਾ 7:46)। ਜਦ ਉਹਨੇ ਇਕ ਦਿਨ ਹੈਕਲ ਵਿਚ ਸੰਕੇਤਕ ਐਲਾਨ ਕੀਤਾ ਸੀ ਤਾਂ ਭੀੜ ਵਿੱਚੋਂ ਪ੍ਰਭਾਵਿਤ ਹੋਣ ਵਾਲੇ ਕੁਝ ਯਹੂਦੀਆਂ ਨੇ ਇਕ ਦੂਜੇ ਨੂੰ ਇਹ ਕਹਿੰਦਿਆਂ ਕਿ ''ਸਚਮੁਚ ਇਹੀ ਉਹ ਨਬੀ ਹੈ'' (ਯੂਹੰਨਾ 7:40) ਵਿਵਸਥਾਸਾਰ 18:15 ਦੀ ਗੱਲ ਨੂੰ ਮਹਾਨ ਪ੍ਰਚਾਰਕ ਨਾਲ ਜੋੜਿਆ ਸੀ।

ਸੁਲੇਮਾਨ ਦੇ ਹਾਲ ਵਿਚ ਆਪਣੇ ਉਪਦੇਸ਼ ਵਿਚ ਪਤਰਸ ਨੇ ਵਿਵਸਥਾਸਾਰ 18:15 ਨੂੰ ਪੇਸ਼ ਕਰਦਿਆਂ ਕਿਹਾ ਸੀ ਕਿ ਯਿਸੂ ਦਾ ਆਉਣਾ ਪੰਦਰਾਂ ਸੌ ਸਾਲ ਪਹਿਲਾਂ ਕੀਤੀ ਗਈ ਨਬੂਵਤ ਦਾ ਪੂਰਾ ਹੋਣਾ ਸੀ (ਰਸੂਲਾਂ ਦੇ ਕੰਮ 3:22)। ਉਹਨੇ ਚਿਤਾਵਨੀ ਦਿਤੀ ਸੀ ਕਿ ''ਉਸ ਨਬੀ'' (ਰਸੂਲਾਂ ਦੇ ਕੰਮ 3:23) ਦੀ ਨਾ ਮੰਨਣ ਕਰਕੇ ਤਬਾਹੀ ਹੋਵੇਗੀ। ਇਸ ਕਰਕੇ ਸਹੀ ਸੋਚ ਵਾਲੇ ਯਹੂਦੀ ''ਨਬੀਆਂ ਦੀ ਸੰਤਾਨ'' (ਰਸੂਲਾਂ ਦੇ ਕੰਮ 3:25) ਹੋਣ ਕਰਕੇ ਮੂਸਾ ਦੀ ਨਬੂਵਤ ਦੀਆਂ ਗੱਲਾਂ ਨੂੰ ਸ਼ਾਨਦਾਰ ਢੰਗ ਨਾਲ ਯਿਸੂ ਵਿਚ ਪੂਰਾ ਹੁੰਦੇ ਵੇਖ ਸਕੇ ਸਨ।

## ਦ੍ਰਿਸ਼ਟਾਂਤਾਂ ਵਿਚ ਗੱਲਾਂ ਕਰਨ ਵਾਲਾ (ਜ਼ਬੂਰ 78:2)

ਆਸਾਫ਼ ਇਸਰਾਏਲ ਵਿਚ ਪ੍ਰਸਿੱਧ ਸੀ। ਗਾਇਕ ਅਤੇ ਬਰਬਤ ਵਜਾਉਣ ਵਾਲਾ ਹੋਣ ਕਰਕੇ ਦਾਊਦ ਨੇ ਉਹਨੂੰ ਤੰਬੂ ਦੀ ਕੁਆਇਰ ਦਾ ਮੁਖੀ ਬਣਾ ਦਿੱਤਾ ਸੀ (1 ਇਤਿਹਾਸ 6:31-33, 39; 15:19; 16:5)। ਉਹਨੂੰ ਪਵਿੱਤਰ ਆਤਮਾ ਵੱਲੋਂ ਵੀ ਗੈਬਦਾਨ ਹੋਣ (2 ਇਤਿਹਾਸ 29:30) ਅਤੇ ਜ਼ਬੂਰਾਂ ਦੀ ਪੋਥੀ ਲਿਖਣ ਲਈ ਆਤਮਾ ਦੀ ਪ੍ਰੇਰਣਾ ਨਾਲ ਗੀਤ ਲਿਖਣ ਦੀ ਸ਼ਕਤੀ ਦਿੱਤੀ ਗਈ ਸੀ (ਵੇਖੋ ਜ਼ਬੂਰ 50, 73-83)। ਜ਼ਬੂਰਾਂ ਦੀ ਪੋਥੀ 78 ਅਧਿਆਇ ਵਰਗੀ ਹਦਾਇਤ ਅਤੇ ਸਿੱਖਿਆ ਨੂੰ *ਮਸਕੀਲ* ਕਿਹਾ ਜਾਂਦਾ ਸੀ। ਉਹਦੀ ਕੁਝ ਸਿੱਖਿਆ ਦ੍ਰਿਸ਼ਟਾਂਤਾਂ ਭਾਵ ਸਿੱਖਿਆਦਾਇਕ ਕਹਾਣੀਆਂ ਵਿਚ ਸੀ। ਉਹਨੇ ਹੋਰ ਸਿੱਖਿਆਵਾਂ ਪ੍ਰਾਚੀਨ ਕਾਲ ਦੀਆਂ ਗੁਪਤ ਗੱਲਾਂ ਪਹੇਲੀਆਂ ਵਿਚ ਦਿੱਤੀਆਂ ਸਨ। ਉਹਨੇ ਕਿਹਾ, ''ਮੈਂ ਆਪਣਾ ਮੂੰਹ ਦ੍ਰਿਸ਼ਟਾਂਤਾਂ ਵਿਚ ਖੋਲ੍ਹਾਂਗਾ; ਮੈਂ ਪੁਰਾਣਿਆਂ ਸਮਿਆਂ ਦੀਆਂ ਬੁਝਾਰਤਾਂ ਉਚਰਾਂਗਾ'' (ਜ਼ਬੂਰ 78:2)।

ਪਵਿੱਤਰ ਆਤਮਾ ਨੇ ਆਸਾਫ਼ ਦੀਆਂ ਗੱਲਾਂ ਦੀ ਵਰਤੋਂ ਉਹਦੀ ਨਬੂਵਤ ਕਰਨ ਲਈ ਕੀਤੀ ਜੋ ਉਸ ਤੋਂ ਵੱਡਾ ਸੀ (ਮੱਤੀ 13:35)। ਯਿਸੂ ਇਸਰਾਏਲ ਵਿਚ ਦ੍ਰਿਸ਼ਟਾਂਤਾਂ ਦੀ ਸਿੱਖਿਆ ਦੇਣ ਵਾਲਾ ਬਣ ਕੇ ਆਇਆ ਜੋ ਜਗਤ ਦੇ ਮੁੱਢ ਦੀਆਂ ਗੁਪਤ ਗੱਲਾਂ ਦੱਸਦਾ ਸੀ। ਇਹ ਆਸਾਫ਼ ''ਨਬੀ ਦੀ ਗੱਲ ਨੂੰ ਪੂਰਾ ਕਰਨ ਲਈ'' ਹੋਇਆ ਜਿਸ ਵਿਚ ਕਿਹਾ ਗਿਆ ਸੀ ਕਿ ''ਮੈਂ ਆਪਣਾ ਮੂੰਹ ਦ੍ਰਿਸ਼ਟਾਂਤਾਂ ਵਿਚ ਖੋਲ੍ਹਾਂਗਾ, ਮੈਂ ਉਨ੍ਹਾਂ ਗੱਲਾਂ ਨੂੰ ਜੋ ਜਗਤ ਦੀ ਉਤਪਤ ਤੋਂ ਗੁਪਤ ਰਹੀਆਂ ਹਨ, ਪਰਗਟ ਕਰਾਂਗਾ।''

## ਆਪਣੇ ਪਿਤਾ ਦੇ ਘਰ ਲਈ ਗ਼ੈਰਤ (ਜ਼ਬੂਰ 69:9)

ਸ਼ਾਇਦ ਪਵਿੱਤਰ ਹੈਕਲ ਦੇ ਖ਼ਿਲਾਫ਼ ਕਿਸੇ ਮਜ਼ਾਕ ਜਾਂ ਉਹਦੀ ਬੇਇੱਜ਼ਤੀ ਕਰਕੇ ਦਾਊਦ ਨੂੰ ਕਹਿਣਾ ਪਿਆ ਸੀ, ''ਕਿਉਂ ਜੋ ਤੇਰੇ ਘਰ ਦੀ ਗ਼ੈਰਤ ਮੈਨੂੰ ਖਾ ਗਈ ਹੈ'' (ਜ਼ਬੂਰ 69:9ੳ)। ਯਕੀਨਨ ਹੀ ਪਵਿੱਤਰ ਆਤਮਾ ਦਾਊਦ ਦੇ ਰਾਹੀਂ ਨਬੂਵਤ ਕਰ ਰਿਹਾ ਸੀ ਕਿ ਯਿਸੂ ਦਾ ਜਜ਼ਬਾ ਵੀ ਅਜਿਹਾ ਹੋ ਹੋਵੇਗਾ।

> ਅਰ ਉਹਨੇ ਹੈਕਲ ਵਿਚ ਡੰਗਰਾਂ ਅਤੇ ਭੇਡਾਂ ਅਤੇ ਕਬੂਤਰਾਂ ਦੇ ਵੇਚਣ ਵਾਲਿਆਂ ਅਰ ਸਰੱਫ਼ਾਂ ਨੂੰ ਬੈਠੇ ਵੇਖਿਆ। ਉਪਰੰਤ ਉਹਨੇ ਰੱਸੀ ਦਾ ਕੋਰੜਾ ਬਣਾ ਕੇ ਸਭਨਾਂ ਨੂੰ ਹੈਕਲੋਂ ਬਾਹਰ ਕੱਢ ਦਿੱਤਾ, ਨਾਲੇ ਭੇਡਾਂ, ਨਾਲੇ ਡੰਗਰ ਅਤੇ ਸਰਾਫ਼ਾਂ ਦੀ ਰੋਕੜ ਖਿੰਡਾ ਦਿੱਤੀ ਅਤੇ ਤਖ਼ਤਪੋਸ਼ ਉਲਟਾ ਸੁੱਟੇ। ਅਰ ਕਬੂਤਰ ਵੇਚਣ ਵਾਲਿਆਂ ਨੂੰ ਆਖਿਆ, ਇਨ੍ਹਾਂ ਚੀਜ਼ਾਂ ਨੂੰ ਐੱਥੋਂ ਲੈ ਜਾਓ! ਮੇਰੇ ਪਿਤਾ ਦੇ ਘਰ ਨੂੰ ਵਪਾਰ ਦੀ ਮੰਡੀ ਨਾ ਬਣਾਓ! ਅਰ ਉਹਦੇ ਚੇਲਿਆਂ ਨੂੰ ਚੇਤੇ ਆਇਆ ਜੋ ਇਉਂ ਲਿਖਿਆ ਹੋਇਆ ਹੈ ਕਿ ਤੇਰੇ ਘਰ ਦੀ ਗ਼ੈਰਤ ਮੈਨੂੰ ਖਾ ਜਾਵੇਗੀ (ਯੂਹੰਨਾ 2:14-17)।

ਜ਼ਬੂਰ 69:9 ਦਾ ਦੂਜਾ ਹਿੱਸਾ ''ਅਤੇ ਤੇਰੇ ਨਿੰਦਕਾਂ ਦੀਆਂ ਨਿੰਦਿਆਂ ਮੇਰੇ ਉੱਤੇ ਆ ਪਈਆਂ'' ਤੋਂ ਸੰਕੇਤ ਮਿਲਦਾ ਹੈ ਕਿ ਹੈਕਲ ਦੀ ਰਾਖੀ ਕਰਦਿਆਂ ਦਾਊਦ ਨੂੰ ਉਨ੍ਹਾਂ ਦੁਸ਼ਟ ਲੋਕਾਂ ਦੀ ਬੁਰਾਈ ਸੁਣਨੀ ਪਈ ਸੀ ਜੋ ਪਵਿੱਤਰ ਹੈਕਲ ਨੂੰ ਭ੍ਰਸ਼ਟ ਕਰ ਰਹੇ ਸਨ। ਦਾਊਦ ਨੇ ਭਾਵੇਂ ਕਿਸੇ ਵੀ ਹਾਲਾਤ ਵਿਚ ਗੱਲ ਕਹੀ ਹੋਵੇ ਪਰ ਆਇਤ 9 ਦਾ ਦੂਜਾ ਹਿੱਸਾ ਉਹ ਨਬੂਵਤ ਵੀ ਸੀ ਜੋ ਯਿਸੂ 'ਤੇ ਪੂਰੀ ਹੋਣੀ ਸੀ। ਆਪਣੇ ਪਿਤਾ ਦੇ ਘਰ ਦਾ ਬਚਾਅ ਕਰਦਿਆਂ ਯਿਸੂ ਨੇ ਆਪਣੇ ਆਪ ਉੱਤੇ ਉਨ੍ਹਾਂ ਲੋਕਾਂ ਨੂੰ ਦੋਸ਼ ਲਾਉਣ ਦਿੱਤਾ ਜੋ ਹੈਕਲ ਦੀ ਦੁਰਵਰਤੋਂ ਕਰ ਰਹੇ ਸਨ। ਅਸਲ 'ਚ ਉਹ ਆਪਣੀ ਮੌਤ ਲਈ ਛੇਤੀ ਕਰ ਰਿਹਾ ਸੀ। ਕਿਸੇ ਵੀ ਤਰ੍ਹਾਂ ਉਹ ਆਪਣੇ ਆਪ ਨੂੰ ਖੁਸ਼ ਨਹੀਂ ਕਰ ਰਿਹਾ ਸੀ; ਉਹਦੇ ਦਿਮਾਗ਼ ਵਿਚ ਸਿਰਫ਼ ਅਤੇ ਸਿਰਫ਼ ਆਪਣੇ ਪਿਤਾ ਦੀ ਪਵਿੱਤਰਤਾ ਸੀ। ''ਕਿਉਂਕਿ ਮਸੀਹ ਨੇ ਆਪਣੇ ਆਪ ਨੂੰ ਖੁਸ਼ ਨਹੀਂ ਕੀਤਾ, ਪਰ ਜਿਵੇਂ ਲਿਖਿਆ ਹੈ, ਤੇਰੇ ਨਿੰਦਕਾਂ ਦੀਆਂ ਨਿੰਦਿਆਂ ਮੇਰੇ 'ਤੇ ਆ ਪਈਆਂ'' (ਰੋਮੀਆਂ 15:3)।

## ਸਭ ਕੌਮਾਂ ਨੂੰ ਬਰਕਤ ਦੇਣ ਵਾਲਾ (ਉਤਪਤ 12:3)

ਲਗਭਗ 1886 ਈ.ਪੂ. ਵਿਚ ਖ਼ੁਦਾ ਨੇ ਅਬਰਾਹਾਮ ਨਾਲ ਵਾਅਦਾ ਕੀਤਾ ਸੀ, ''ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ'' (ਉਤਪਤ 12:3)। ਇਹ ਦੋ ਹਜ਼ਾਰ ਸਾਲ ਪਹਿਲਾਂ ਕੀਤੀ ਗਈ ਨਬੂਵਤ ਸੀ ਕਿ ਇਬਰਾਨੀ ਅਤੇ ਗ਼ੈਰਕੌਮਾਂ ਅਬਰਾਹਾਮ ਦੇ ਰਾਹੀਂ ਬਰਕਤ ਪਾਉਣਗੀਆਂ। ਅੱਜ ਹਰ ਕੋਈ ਜੋ ਮਸੀਹ ਨੂੰ ਕਬੂਲ ਕਰਕੇ ਮਸੀਹੀ ਬਣ ਜਾਂਦਾ ਹੈ ਉਤਪਤ 12:3 ਵਿਚ ਦਿੱਤੇ ਗਏ ਵਾਅਦੇ ਦਾ ਹੱਕਦਾਰ ਹੋ ਜਾਂਦਾ ਹੈ। ਪਵਿੱਤਰ ਲਿਖਤ ਦੀ ਉਸ ਆਇਤ ਵਿਚ ਅਗਾਊਂ ਸੂਚਨਾ ਦਿੱਤੀ ਗਈ ਸੀ ਕਿ ਵਿਸ਼ਵਾਸ ਦੇ ਰਾਹੀਂ ਖ਼ੁਦਾ ਗ਼ੈਰਕੌਮਾਂ ਨੂੰ ਧਰਮੀ ਠਹਿਰਾਏਗਾ। ਖ਼ੁਦਾ ਨੇ ਪਹਿਲਾਂ ਹੀ ਇਹ ਕਹਿੰਦਿਆਂ ਕਿ ''ਤੇਰੇ ਵਿਚ ਸਭ ਕੌਮਾਂ ਮੁਬਾਰਕ ਹੋਣਗੀਆਂ'' (ਗਲਾਤੀਆਂ 3:8) ਅਬਰਾਹਾਮ ਨੂੰ ਪਹਿਲਾਂ ਹੀ ਇੰਜੀਲ ਸੁਣਾ ਦਿੱਤੀ ਸੀ। ਜਿਹਦਾ ਨਤੀਜਾ ਇਹ ਹੈ ਕਿ ਜਿੰਨੇ ਵੀ ਵਿਸ਼ਵਾਸੀ ਹਨ ਉਹ ਸਭ ਉਸ ਵਿਸ਼ਵਾਸੀ ਭਾਵ

ਅਬਰਾਹਾਮ ਨਾਲ ਬਰਕਤ ਪਾ ਰਹੇ ਹਨ। ਜੋ ਮਸੀਹ ਦੇ ਹਨ ਉਹ ਅਬਰਾਹਾਮ ਭਾਵ ''ਬਹੁਤਿਆਂ ਦੇ ਪਿਤਾ'' ਦੀ ਰੂਹਾਨੀ ਸੰਤਾਨ ਬਣ ਗਏ ਹਨ। ਕੌਮਾਂ ਦੇ ਲੋਕਾਂ ਵਿੱਚੋਂ ਜੋ ਵੀ ਉਸ ਵਿਸ਼ਵਾਸ ਦੀ ਗੱਲ ਮੰਨਦਾ ਹੈ ਉਹ ਕਾਨੂੰਨੀ ਤੌਰ 'ਤੇ ਵਿਸ਼ਵਾਸੀਆਂ ਦੇ ਪਿਤਾ ਨਾਲ ਕੀਤੇ ਗਏ ਖ਼ੁਦਾਈ ਵਾਅਦੇ ਦਾ ਵਾਰਸ ਬਣ ਜਾਂਦਾ ਹੈ। ਇਸ ਤਰ੍ਹਾਂ ਅਬਰਾਹਾਮ ਦੇ ਇਕ ਪੁੱਤਰ ਯਿਸੂ (ਮੱਤੀ 1:1) ਵੱਲ ਇਸ਼ਾਰਾ ਕਰਦੀ ਦੋ ਹਜ਼ਾਰ ਸਾਲ ਪੁਰਾਣੀ ਨਬੂਵਤ ਇਕ ਮਨੁੱਖ ਤੋਂ ਇਕ ਕੌਮ ਅਤੇ ਫਿਰ ਸਭ ਕੌਮਾਂ ਤਕ ਅਬਰਾਹਾਮ ਦੀਆਂ ਬਰਕਤਾਂ ਦੇ ਜਾਣ ਦੀ ਇਕ ਵਿਆਪਕ ਲੜੀ ਦੇ ਰੂਪ ਵਿਚ ਹੈ। ਇਸ ਕਰਕੇ ਉਤਪਤ 12:3 ਮਸੀਹ ਨਾਲ ਜੁੜੀ ਵੱਡੀ ਨਬੂਵਤ ਹੈ।

## ਗ਼ੈਰਕੌਮਾਂ ਲਈ ਚਾਨਣ (ਯਸਾਯਾਹ 49:6)

ਖ਼ੁਦਾ ਦੀ ਅਜ਼ੀਜ਼ ਬੁੱਧ ਵਿਚ ਨਬੂਵਤ ਕੀਤੇ ਹੋਏ ਉਸਦੇ ਆਉਣ ਵਾਲੇ ਸੇਵਕ ਲਈ ਸਿਰਫ਼ ਯਹੂਦਾ ਦੀ ਗੋਤਰ ਦੀ ਸੇਵਾ ਕਰਨਾ ਹੀ ਕਾਫ਼ੀ ਨਹੀਂ ਸੀ। ਉਹਨੇ ਆਪਣੇ ਆਪ ਨੂੰ ਸਭ ਲੋਕਾਂ ਲਈ ਬਚਾਉਣ ਵਾਲੀ ਰੌਸ਼ਨੀ ਦੇ ਤੌਰ ਤੇ ਫੈਲਣਾ ਸੀ।

> ਉਹ ਆਖਦਾ ਹੈ ਕਿ ਇਹ ਛੋਟੀ ਗੱਲ ਹੈ
> ਕਿ ਤੂੰ ਯਹੂਦਾ ਦਿਆਂ ਗੋਤਾਂ ਨੂੰ ਉਠਾਉਣ ਲਈ
> ਅਤੇ ਇਸਰਾਏਲ ਦੇ ਬਚਿਆਂ ਹੋਇਆ ਨੂੰ ਮੋੜਨ ਲਈ
> ਮੇਰਾ ਦਾਸ ਹੋਵੇਂ,
> ਸਗੋਂ ਮੈਂ ਤੈਨੂੰ ਕੌਮਾਂ ਲਈ ਜੋਤ ਠਹਿਰਾਵਾਂਗਾ,
> ਕਿ ਮੇਰੀ ਮੁਕਤੀ ਧਰਤੀ ਦੀਆਂ
> ਹੱਦਾਂ ਤੀਕ ਅੱਪੜੇ (ਯਸਾਯਾਹ 49:6)।

ਖ਼ੁਦਾ ਦੇ ਸੇਵਕ ਦੇ ਤੌਰ ਤੇ ਥਾਪਿਆ ਗਿਆ ਇਹ ਸਨਮਾਨਤ ਵਿਅਕਤੀ ਕੌਣ ਹੈ ਜਿਸਦੀ ਸ਼ਕਤੀ ਖ਼ੁਦਾ ਹੈ? (ਯਸਾਯਾਹ 49:5)। ਐਨੀ ਖ਼ੂਬੀ ਕਿਸ ਵਿਚ ਹੈ ਕਿ ਉਹ ਨਾ ਸਿਰਫ਼ ਆਪਣਿਆਂ ਨੂੰ ਬਲਕਿ ਦੂਜੀਆਂ ਕੌਮਾਂ ਨੂੰ ਵੀ ਬਰਕਤ ਦਿੰਦਾ ਹੈ? ਮਰੀਅਮ ਦੀ ਕੁੱਖ ਵਿਚ ਰੂਪ ਲੈਣ ਤੋਂ ਪਹਿਲਾਂ ਹੀ, ਯਿਸੂ ਵਾਅਦਾ ਕੀਤਾ ਹੋਇਆ ਬਾਲਕ ਸੀ। ਜ਼ਿਬਰਾਈਲ ਨੇ ਡਰੀ ਹੋਈ ਨਾਸਰਤ ਦੀ ਉਸ ਕੁਆਰੀ ਨੂੰ ਕਿਹਾ, ''ਵੇਖ ਤੂੰ ਗਰਭਵਤੀ ਹੋਵੇਂਗੀ ਅਰ ਪੁੱਤਰ ਜਣੇਂਗੀ ਅਤੇ ਉਹਦਾ ਨਾਂਅ ਯਿਸੂ ਰੱਖਣਾ'' (ਲੂਕਾ 1:31)। ਗਰਭ ਤੋਂ ਹੀ ਖ਼ੁਦਾ ਦੇ ਸੇਵਕ, ਇਸ ਪੁੱਤਰ ਨੇ ਲੋਕਾਂ ਦੀ ਮਦਦ ਲਈ ਜੋ ਵੀ ਕਰ ਸਕਦਾ ਸੀ, ਕੀਤਾ। ਜਿੰਨਿਆਂ ਨੇ ਉਹਨੂੰ ਕਬੂਲ ਕੀਤਾ, ਉਹਨੇ ਉਨ੍ਹਾਂ ਨੂੰ ਖ਼ੁਦਾ ਦੀ ਸੰਤਾਨ ਹੋਣ ਦਾ ਹੱਕ ਦੇ ਦਿੱਤਾ (ਯੂਹੰਨਾ 1:12)। ਇਹਦੇ ਇਲਾਵਾ ਆਪਣੇ ਚੇਲਿਆਂ ਨੂੰ ਹੁਕਮ ਦਿੰਦਿਆਂ ਉਹਨੇ ਕਿਹਾ ਕਿ ਉਹ ਉਹਦੀ ਇੰਜੀਲ ਨੂੰ ਸਭ ਕੌਮਾਂ ਵਿਚ ਪਹੁੰਚਾਉਣ। ਉਹਦੇ ਚੇਲਿਆਂ ਨੇ ਪਹਿਲਾਂ ਯਹੂਦੀਆਂ ਅਤੇ ਫਿਰ ਗ਼ੈਰਕੌਮਾਂ ਵਿਚ ਖੁਸ਼ਖਬਰੀ ਦੇਣ ਦਾ ਉਹਦਾ ਹੀ ਢੰਗ ਅਪਣਾਇਆ ਸੀ।

ਪਿਸਿਦੀਆ ਦੇ ਅੰਤਾਕੀਆ ਵਿਚ ਜਦ ਯਹੂਦੀਆਂ ਨੇ ਖ਼ੁਦਾ ਦੀ ਖੁਸ਼ਖਬਰੀ ਦਾ ਵਿਰੋਧ ਕੀਤਾ, ਤਾਂ ਪੌਲੁਸ ਅਤੇ ਪਤਰਸ ਨੇ ਬੇਖ਼ੌਫ਼ ਹੋ ਕੇ ਕਿਹਾ:

ਜ਼ਰੂਰੀ ਸੀ ਜੋ ਪਰਮੇਸ਼ੁਰ ਦਾ ਵਚਨ ਪਹਿਲਾਂ ਤੁਹਾਨੂੰ ਸੁਣਾਇਆ ਜਾਂਦਾ ਪਰ ਜਿਸ ਕਰਕੇ ਤੁਸੀਂ ਉਹ ਨੂੰ ਆਪਣੇ ਕੋਲੋਂ ਰੱਦ ਕਰਦੇ ਅਤੇ ਆਪ ਨੂੰ ਸਦੀਪਕ ਜੀਉਣ ਦੇ ਜੋਗ ਨਹੀਂ ਸਮਝਦੇ ਹੋ ਤਾਂ ਵੇਖੋ ਅਸੀਂ ਪਰਾਈਆਂ ਕੌਮਾਂ ਵੱਲ ਮੁੜਦੇ ਹਾਂ। ਕਿਉਂ ਜੋ ਪ੍ਰਭੂ ਨੇ ਸਾਨੂੰ ਇਉਂ ਹੁਕਮ ਦਿੱਤਾ ਹੈ ਮੈਂ ਤੈਨੂੰ ਪਰਾਈਆਂ ਕੌਮਾਂ ਦੇ ਲਈ ਜੋਤ ਠਹਿਰਾਇਆ ਹੈ, ਕਿ ਤੂੰ ਧਰਤੀ ਦੇ ਬੰਨੇ ਤੀਕਰ ਮੁਕਤੀ ਦਾ ਕਾਰਣ ਹੋਵੇਂ (ਰਸੂਲਾਂ ਦੇ ਕੰਮ 13:46, 47)।

## ਲੋਕਾਂ ਲਈ ਝੰਡਾ (ਯਸਾਯਾਹ 11:10)

ਇੰਜੀਲ ਦੇ ਨਬੀ ਭਾਵ ਯਸਾਯਾਹ ਦੀਆਂ ਨਬੂਵਤਾਂ ਬਹੁਤ ਸਪੱਸ਼ਟ ਸਨ: ''ਉਸ ਦਿਨ ਐਉਂ ਹੋਵੇਗਾ ਕਿ ਯੱਸੀ ਦੀ ਜੜ੍ਹ ਜਿਹੜੀ ਲੋਕਾਂ ਦੇ ਝੰਡੇ ਲਈ ਖੜੀ ਹੈ ਉਹਨੂੰ ਕੌਮਾਂ ਭਾਲਣਗੀਆਂ ਅਤੇ ਉਹਦਾ ਅਰਾਮ ਸਥਾਨ ਪ੍ਰਤਾਪਵਾਨ ਹੋਵੇਗਾ'' (ਯਸਾਯਾਹ 11:10)।

ਅਠਵੀਂ ਸਦੀ ਈ.ਪੂ. ਲਗਭਗ ਵਿਚ ਅਜਿਹੀਆਂ ਨਬੂਵਤਾਂ ਹੋਈਆਂ ਜਿਨ੍ਹਾਂ 'ਤੇ ਯਕੀਨ ਕਰਨਾ ਔਖਾ ਸੀ। ਯੱਸੀ ਦੀ ਸੰਤਾਨ ਵਿੱਚੋਂ ਇਕ 'ਤੇ (ਯਸਾਯਾਹ 11) ਖ਼ੁਦਾ ਦੇ ਆਤਮਾ ਨੇ ਉਹਨੂੰ ਖ਼ਾਸ ਬੁੱਧ ਦੇ ਕੇ ਅਰਾਮ ਕਰਨਾ ਸੀ। ਉਹਨੇ ਵੇਖ ਕੇ ਅਤੇ ਸੁਣ ਕੇ ਨਹੀਂ (ਯਸਾਯਾਹ 11:3, 4) ਬਲਕਿ ਸੱਚਾਈ ਨਾਲ ਨਿਆਂ ਕਰਨਾ ਸੀ। ਉਹਨੇ ਵੇਖਣਾ ਸੀ ਕਿ ਗ਼ਰੀਬ ਅਤੇ ਸਤਾਏ ਹੋਇਆਂ ਨੂੰ ਉਨ੍ਹਾਂ ਦਾ ਹੱਕ ਮਿਲੇ (ਯਸਾਯਾਹ 11:4)। ਦੁਸ਼ਟ ਲੋਕ ਇਕ ਦਿਨ ਉਹਦੇ ਗ਼ੁੱਸੇ ਨੂੰ ਮਹਿਸੂਸ ਕਰਨਗੇ (ਯਸਾਯਾਹ 11:4)। ਸੰਕੇਤਕ ਤੌਰ ਤੇ ''ਧਰਮ ਉਹਦੀ ਕਮਰ ਦਾ ਪਟਕਾ ਹੋਵੇਗਾ ਅਤੇ ਵਫ਼ਾਦਾਰੀ ਉਹਦੇ ਲੱਕ ਦੀ ਪੇਟੀ ਹੋਵੇਗੀ'' (ਯਸਾਯਾਹ 11:5)। ਓਸੇ ਤਰ੍ਹਾਂ ਸੰਕੇਤਕ ਤੌਰ ਤੇ ਯਸਾਯਾਹ ਨੇ ਕਿਹਾ ਕਿ ਉਹਦੇ ਸ਼ਕਤੀ ਵਿਚ ਆਉਣ ਦੇ ਦਿਨ ''ਬਘਿਆੜ ਲੇਲੇ ਨਾਲ ਰਹੇਗਾ ਅਤੇ ਚੀਤਾ ਮੇਮਣੇ ਨਾਲ ਬੈਠੇਗਾ'' (ਯਸਾਯਾਹ 11:6)। ਉਹਦੇ ਪਵਿੱਤਰ ਪਹਾੜ ਵਿਚ ਕੋਈ ਜ਼ਬਰ ਜਾਂ ਨੀਚਤਾ ਨਹੀਂ ਪਾਈ ਜਾਵੇਗੀ ਅਤੇ ਇਸ ਹਾਕਮ ਦਾ ਗਿਆਨ ਸਭ ਲੋਕਾਂ ਨੂੰ ਹੋਵੇਗਾ (ਯਸਾਯਾਹ 11:9)। ਉਹ ਲੋਕਾਂ ਲਈ ਇਕ ਨਿਸ਼ਾਨ ਭਾਵ ਝੰਡਾ ਬਣ ਜਾਵੇਗਾ ਅਤੇ ਸਭ ਕੌਮਾਂ ਦੇ ਲੋਕ ਉਹਨੂੰ ਭਾਲਣਗੇ (ਯਸਾਯਾਹ 11:10)। ਉਹਦਾ ਨਿਵਾਸ ਪ੍ਰਤਾਪਵਾਨ ਹੋਵੇਗਾ। ਧਰਤੀ ਦੇ ਚਾਰੇ ਪਾਸਿਓਂ ਇਸਰਾਏਲ ਦੇ ਕੱਢੇ ਹੋਇਆਂ, ਯਹੂਦਾ ਦੇ ਸਭ ਖਿੰਡੇ ਹੋਇਆਂ ਨੇ ਯੱਸੀ ਦੀ ਸੰਤਾਨ ਨੂੰ ਆਪਣੇ ਝੰਡੇ ਦੇ ਤੌਰ ਤੇ ਵੇਖਣਾ ਸੀ (ਯਸਾਯਾਹ 11:12)।

ਯੱਸੀ ਦੇ ਪੁੱਤਰਾਂ ਵਿੱਚੋਂ ਸਿਰਫ਼ ਯਿਸੂ ਹੀ ਯਸਾਯਾਹ ਦੀ ਵਿਆਪਕ ਅਤੇ ਸ਼ਾਨਦਾਰ ਨਬੂਵਤ ਨੂੰ ਪੂਰਿਆਂ ਕਰਦਾ ਹੈ (ਰੋਮੀਆਂ 15:12)। ਨਾਸਰਤ ਦੇ ਜਵਾਨ, ਅਨਪੜ੍ਹ ਤਰਖਾਣ ਦੀ ਬੁੱਧ ਨੇ ਆਪਣੇ ਸ਼ਹਿਰ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਉਹ ਪੁੱਛਦੇ ਸਨ: ''ਇਹ ਕਿਹੜਾ ਗਿਆਨ ਹੈ ਜੋ ਉਹਨੂੰ ਦਿੱਤਾ ਗਿਆ ਹੈ?'' (ਮਰਕੁਸ 6:2)। ਸੱਬਤ ਵਾਲੇ ਦਿਨ ਉਹਨੇ ਇਕ ਲੰਗੜੇ ਨੂੰ ਚੰਗਾ ਕਰਕੇ ਯਹੂਦੀਆਂ ਨੂੰ ਹੈਰਾਨ ਕਰ ਦਿੱਤਾ ਸੀ। ਇਹ ਭਲਾ ਕੰਮ ਕਰਨ ਕਰਕੇ ਉਹਨੂੰ ਉਨ੍ਹਾਂ ਦੀ ਅਲੋਚਨਾ ਹੀ ਸਹਿਣੀ ਪਈ (ਯੂਹੰਨਾ 7:23, 24)। ਯਸਾਯਾਹ ਦੀ ਨਬੂਵਤ ਮੁਤਾਬਕ (ਯਸਾਯਾਹ 11:4) ਉਹਨੇ ਛੇਕੇ ਹੋਏ ਅਤੇ ਦੁਪਿਆਰੇ ਲੋਕਾਂ ਨਾਲ ਹਮਦਰਦੀ ਵਿਖਾਈ (ਮੱਤੀ 21:31; 9:10)। ਯਸਾਯਾਹ ਦੀ ਨਬੂਵਤ ਮੁਤਾਬਕ ਉਹਦੀ ਧਾਰਮਿਕਤਾ ਨੂੰ (11:5) ਪਿਲਾਤੁਸ ਦੀ ਪਤਨੀ ਦੀ ਮੁਹਰ ਲੱਗੀ, ਜਿਹਨੇ ਉਹਨੂੰ ''ਧਰਮੀ'' ਮਨੁੱਖ ਕਿਹਾ (ਮੱਤੀ 27:19)।

ਯਿਸੂ ਨੇ ਕਦੇ ਵੀ ਬਘਿਆੜ ਨੂੰ ਭੇਡਾਂ ਨਾਲ ਲਿਟਾਉਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਉਹਦੀ ਕਲੀਸੀਆ ਨੇ ਇਵੇਂ ਕਦੇ ਕੀਤਾ ਹੈ (ਯਸਾਯਾਹ 11:6)। ਉਹਦੇ ਦੂਜੀ ਵਾਰ ਆਉਣ 'ਤੇ, ਜੰਗਲੀ ਜਾਨਵਰਾਂ ਨੂੰ ਪਾਲਣ ਦਾ ਸਮਾਂ ਨਹੀਂ ਹੋਵੇਗਾ ਕਿਉਂਕਿ ਉਦੋਂ ਸਭ ਕੁਝ ਅੱਗ ਵਿਚ ਸੜ ਕੇ ਭਸਮ ਹੋ ਜਾਵੇਗਾ (2 ਪਤਰਸ 3:10)। ਕੋਈ ਜੇ ਬਘਿਆੜ/ਲੇਲੇ ਦੀ ਨਬੂਵਤ ਸ਼ਬਦੀ ਤੌਰ ਤੇ ਪੂਰੀ ਹੋਣ ਦੀ ਉਡੀਕ ਕਰ ਰਿਹਾ ਹੈ, ਤਾਂ ਉਹਨੂੰ ਨਿਰਾਸ਼ਾ ਹੀ ਹੋਵੇਗੀ। ਪਰ ਜੇ ਕੋਈ ਇਹ ਵੇਖਦਾ ਹੈ ਕਿ ਇਸਦਾ ਅਰਥ ਸੰਕੇਤਕ ਹੈ (ਜਿਵੇਂ ਯਸਾਯਾਹ 11:5 ਵਿਚ ਧਾਰਮਿਕਤਾ ਨੂੰ ਪੇਟੀ ਕਿਹਾ ਗਿਆ ਹੈ) ਤਾਂ ਸਭ ਠੀਕ ਹੈ।

ਸੰਕੇਤਕ ਤੌਰ ਤੇ, ਬਘਿਆੜ ਦੇ ਸੁਭਾਅ ਵਾਲੇ ਲੋਕ ਭੇਡਾਂ ਵਿਚ ਬਦਲ ਗਏ ਹਨ ਅਤੇ ਉਹ ਕਿਸੇ ਬਾਲਕ ਨੂੰ ਨੁਕਸਾਨ ਨਹੀਂ ਪਹੁੰਚਾਉਣਗੇ (ਵੇਖੋ ਯਸਾਯਾਹ 65:17-25)। ਜਾਨਵਰਾਂ ਦੇ ਸੁਭਾਅ ਵਾਲੇ ਲੋਕ ਨਿਰਸੁਆਰਥ ਪ੍ਰੇਮ ਦੀ ਮਸੀਹ ਦੀ ਖੁਸ਼ਖਬਰੀ ਦੀ ਸ਼ਕਤੀ ਨਾਲ ਦਿਆਲੂ ਅਤੇ ਸਹਾਇਤਾ ਕਰਨ ਵਾਲੇ ਲੋਕ ਬਣ ਗਏ ਸਨ। ਜਦ ਕੋਈ ਇਸ ਸੰਕੇਤਕ ਅਰਥ ਨੂੰ ਸਮਝ ਕੇ ਲੋਕਾਂ ਵਿਚ ਇਹਦੇ ਪੂਰਾ ਹੋਣ 'ਤੇ ਰੋਮਾਂਚਿਤ ਹੋ ਜਾਂਦਾ ਹੈ, ਤਾਂ ਉਹਨੂੰ ਸਮਝ ਆਉਂਦਾ ਹੈ ਕਿ ਜੇ ਸਿਰਫ਼ ਜੰਗਲੀ ਜਾਨਵਰਾਂ ਦੇ ਵਾੜੇ ਵਿਚ ਕੈਦ ਕਰਕੇ ਪਾਲਤੂ ਬਨਾਉਣਾ ਹੁੰਦਾ ਤਾਂ ਇੰਜੀਲ ਕਿੰਨੀ ਕਮਜ਼ੋਰ ਹੁੰਦੀ। ਯਕੀਨਨ ਹੀ ਯਸਾਯਾਹ ਅਤੇ ਯਿਸੂ ਦੇ ਮਨ ਵਿਚ ਕੋਈ ਵੱਡਾ ਮਕਸਦ ਹੋਵੇਗਾ।

''ਪਵਿੱਤਰ ਪਹਾੜ'' ਬਾਰੇ ਸੰਕੇਤਕ ਅਰਥ ਅੱਗੇ ਵੀ ਮਿਲਦਾ ਹੈ ਜੋ ਕਿ ਨਵੇਂ ਨੇਮ ਦੀ ਕਲੀਸੀਆ ਨੂੰ ਕਿਹਾ ਗਿਆ ਹੈ (ਇਬਰਾਨੀਆਂ 12:22, 23)। ਕਲੀਸੀਆ ਭਾਵ ਸੱਚਾਈ ਦੇ ਖੰਭੇ ਰਾਹੀਂ ਇੰਜੀਲ ਦਾ ਪੈਗ਼ਾਮ ਪਾਣੀ ਦੇ ਸਮੁੰਦਰ ਨੂੰ ਢੱਕਣ ਵਾਂਗ ਦੁਨੀਆਂ ਵਿਚ ਫੈਲ ਚੁਕਾ ਹੈ (ਯਸਾਯਾਹ 11:9; ਵੇਖੋ ਕੁਲੁੱਸੀਆਂ 1:5, 6)। ਯਹੂਦੀਆਂ ਅਤੇ ਗ਼ੈਰਕੌਮਾਂ ਦੋਹਾਂ ਲਈ ਯਿਸੂ ਦੂਤ ਭਾਵ ਲੋਕਾਂ ਦਾ ਝੰਡਾ ਬਣ ਚੁਕਾ ਹੈ (ਵੇਖੋ ਯਸਾਯਾਹ 49:22; 62:10; ਯੂਹੰਨਾ 3:14-16; 12:32)।

ਜੇ ਯੱਸੀ ਦੀ ਸੰਤਾਨ, ਯਿਸੂ ਉਹ ਝੰਡਾ ਨਹੀਂ ਹੈ ਜਿਸਦੀ ਗੱਲ ਯਸਾਯਾਹ ਨੇ ਕੀਤੀ ਸੀ, ਤਾਂ ਅਫ਼ਸੋਸ ਦੀ ਗੱਲ ਹੈ ਕਿ ਖ਼ੁਦਾ ਦਾ ਵਚਨ ਜ਼ਮੀਨ 'ਤੇ ਡਿਗ ਪਿਆ ਹੈ। 70ਈਸਵੀ ਵਿਚ ਵੰਸ਼ਾਵਲੀ ਦੇ ਦਸਤਾਵੇਜ਼ ਜਿਨ੍ਹਾਂ ਤੋਂ ਯੱਸੀ ਦੀ ਸੰਤਾਨ ਦਾ ਪਤਾ ਲਗਦਾ ਸੀ, ਨਸ਼ਟ ਹੋ ਗਏ ਸਨ। ਜੇ ਯੱਸੀ ਦੀ ਅਸਲ ਸੰਤਾਨ 70ਈਸਵੀ ਤੋਂ ਪਹਿਲਾਂ ਆਪਣੀ ਪਛਾਣ ਦੁਹਰਾਉਣ ਵਿਚ ਅਤੇ ਸਾਬਿਤ ਕਰਨ ਵਿਚ ਨਾਕਾਮ ਰਿਹਾ ਕਿ ਉਹ ਯਸਾਯਾਹ ਦੀ ਨਬੂਵਤ ਵਾਲਾ ਝੰਡਾ ਹੈ ਤਾਂ ਸਾਰੀ ਮਨੁੱਖ ਕੌਮ ਉਦਾਸੀ ਵਿਚ ਹੀ ਮਰ ਜਾਂਦੀ। ਕੋਈ ਹੋਰ ਆਸ ਮਨੁੱਖੀ ਆਸਾਂ ਨੂੰ ਉਜਾਗਰ ਨਹੀਂ ਕਰ ਸਕਦੀ। ਜੇ ਇਹ ਗੱਲ ਹੈ ਤਾਂ ਜਲਾਲੀ ਭਵਿੱਖ ਦੀ ਯਸਾਯਾਹ ਦੀ ਰੋਮਾਂਚਕ ਹੀ ਗੱਲ ਸਿਰਫ਼ ਬੇਕਾਰ ਦਾ ਸੁਪਨਾ ਹੀ ਹੋਵੇਗੀ ਜੋ ਕਦੇ ਪੂਰਾ ਨਹੀਂ ਹੋ ਸਕਦਾ। 70ਈਸਵੀ ਦੇ ਬਾਅਦ ਤੋਂ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਯੱਸੀ ਦਾ ਵੰਸ਼ ਸਾਬਿਤ ਨਹੀਂ ਕਰ ਸਕਦਾ।

## ਨਿਆਂ ਕਰਨ ਵਾਲਾ (ਯਸਾਯਾਹ 42:1-4)

ਯਸਾਯਾਹ 42:1-4 ਵਿਚ ਖ਼ੁਦਾ ਦੇ ਇਕ ਸੇਵਕ ਦੀ ਨਬੂਵਤ ਕੀਤੀ ਗਈ ਜਿਹਨੇ ਧਰਤੀ 'ਤੇ ਸ਼ਾਂਤੀ ਨਾਲ ਖ਼ੁਦਾ ਅਜਿੱਤ ਦ੍ਰਿੜ੍ਹਤਾ ਨਾਲ ਨਿਆਂ ਪਰਗਟ ਕਰਨਾ ਸੀ:

ਵੇਖੋ ਮੇਰਾ ਦਾਸ ਜਿਹਨੂੰ ਮੈਂ ਸੰਭਾਲਦਾ ਹਾਂ,
ਮੇਰਾ ਚੁਣਵਾਂ ਜਿਸ 'ਤੇ ਮੇਰਾ ਜੀ ਖੁਸ਼ ਹੈ
ਮੈਂ ਆਪਣਾ ਆਤਮਾ ਉਹਦੇ 'ਤੇ ਪਾਇਆ ਹੈ,
ਉਹ ਕੌਮਾਂ ਲਈ ਇਨਸਾਫ਼ ਪਰਗਟ ਕਰੇਗਾ
ਉਹ ਨਾ ਚਿੱਲਾਵੇਗਾ, ਨਾ ਆਪਣੀ ਅਵਾਜ਼ ਚੁੱਕੇਗਾ,
ਨਾ ਉਹਨੂੰ ਗਲੀ ਵਿਚ ਸੁਣਾਵੇਗਾ।
ਉਹ ਦਰੜੇ ਹੋਏ ਕਾਨੇ ਨੂੰ ਨਾ ਭੰਨੇਗਾ,
ਨਾ ਨਿੰਮ੍ਹੀ ਬੱਤੀ ਨੂੰ ਬੁਝਾਵੇਗਾ,
ਉਹ ਵਫ਼ਾਦਾਰੀ ਨਾਲ ਇਨਸਾਫ ਪਰਗਟ ਕਰੇਗਾ।
ਉਹ ਨਾ ਨਿੰਮ੍ਹਾ ਹੋਵੇਗਾ ਨਾ ਉਦਰੇਗਾ,
ਜਦ ਤੀਕ ਉਹ ਧਰਤੀ ਉੱਤੇ
ਇਨਸਾਫ਼ ਨੂੰ ਪੱਕਾ ਨਾ ਕਰੇ,
ਅਤੇ ਟਾਪੂ ਉਹਦੀ ਵਿਵਸਥਾ ਨੂੰ ਉਡੀਕਣਗੇ।

ਇਸ ਨਬੂਵਤ ਵਿਚ ਤਿੰਨ ਵਾਰੀ ''ਇਨਸਾਫ਼'' ਸ਼ਬਦ ਮਿਲਦਾ ਹੈ। ਸੱਚਾਈ ਨਾਲ ਨਿਆਂ ਪਰਗਟ ਕਰਨ ਵਾਲੇ ਨੇ ਸਨਸਨੀ ਫ਼ੈਲਾਉਣ ਵਾਲਾ ਜਾਂ ਸਟੇਜ ਵਿਚ ਲੰਮੇ-ਲੰਮੇ ਭਾਸ਼ਣ ਦੇਣ ਵਾਲਾ ਨਹੀਂ ਹੋਣਾ ਸੀ। ਉਹਨੇ ਕੁਚਲੇ ਹੋਏ ਨਰਕਟ ਨੂੰ ਪਸ਼ਚਾਤਾਪੀ ਪਾਪੀ ਨੂੰ ਦੂਜਾ ਮੌਕਾ ਦੇਣਾ ਸੀ, ਉਹ ਅੰਦਰ ਹੀ ਅੰਦਰ ਜਲਣ ਵਾਲੀ ਬੱਤੀ ਭਾਵ ਇਕ ਦੀਨ ਪਾਪੀ ਵਿਚ ਆਸ ਦੀ ਇਕ ਜੋਤ ਬਲਦੀ ਰਹਿਣ ਦੇਵੇਗਾ। ਉਹਨੇ ਆਪਣੇ ਕੰਮ ਪੂਰਾ ਕਰਨ ਤਕ ਹਾਰ ਨਹੀਂ ਮੰਨਣੀ ਸੀ, ਅਤੇ ਸਭ ਕੌਮਾਂ ਦੇ ਨਿਆਂ ਦੇ ਉਹਦੇ ਸਿਧਾਂਤਾਂ ਦੀ ਉਡੀਕ ਕਰਨੀ ਸੀ।

ਐਨੀਆਂ ਆਸ਼ਾਵਾਦੀ ਅਤੇ ਅਰਥ ਭਰੀਆਂ ਗੱਲਾਂ ਕਿਸ ਲਈ ਕਹੀਆਂ ਜਾ ਸਕਦੀਆਂ ਸਨ? ਮੱਤੀ ਮੁਤਾਬਕ, ਯਿਸੂ ਨਾਸਰੀ ਹੀ ਉਹ ਸੇਵਕ ਸੀ ਜਿਸਦੇ ਬਾਰੇ ਪ੍ਰਾਚੀਨ ਕਾਲ ਤੋਂ

ਵੇਖੋ ਮੇਰਾ ਸੇਵਕ ਜਿਹਨੂੰ ਮੈਂ ਚੁਣਿਆ ਹੈ,
ਮੇਰਾ ਪਿਆਰਾ ਜਿਸ ਤੋਂ ਮੇਰਾ ਜੀ ਖੁਸ਼ ਹੈ।
ਮੈਂ ਆਪਣੀ ਆਤਮਾ ਉਹਦੇ ਉੱਤੇ ਰੱਖਾਂਗਾ,
ਅਤੇ ਉਹ ਪਰਾਈਆਂ ਕੌਮਾਂ ਨੂੰ ਲਿਆਉਣ ਦੀ ਖ਼ਬਰ ਕਰੇਗਾ।
ਉਹ ਨਾ ਝਗੜੇਗਾ, ਨਾ ਉੱਚੀ ਬੋਲੇਗਾ,
ਨਾ ਚੌਕਾਂ ਵਿਚ ਕੋਈ ਉਹ ਦੀ ਅਵਾਜ਼ ਸੁਣੇਗਾ।
ਉਹ ਲਿਤਾੜੇ ਹੋਏ ਕਾਨੇ ਨੂੰ ਨਾ ਤੋੜੇਗਾ,
ਨਾ ਧੁਖਦੀ ਹੋਈ ਸਣ ਨੂੰ ਬੁਝਾਵੇਗਾ,
ਜਦ ਤਕ ਨਿਆਂ ਦੀ ਫਤਹਿ ਨਾ ਕਰਾ ਦੇਵੇ,
ਅਤੇ ਉਹਦੇ ਉਤੇ ਪਰਾਈਆਂ ਕੌਮਾਂ ਆਸ ਰੱਖਣਗੀਆਂ (12: 18-21)।

## ਬੇਵਜ੍ਹਾ ਨਫ਼ਰਤ ਕੀਤੀ ਗਈ (ਜ਼ਬੂਰ 35:19; 69:4)

ਦਾਊਦ ਅਕਸਰ ਬੇਵਜ੍ਹਾ ਉਸ ਨਫ਼ਰਤ ਦਾ ਸ਼ਿਕਾਰ ਹੁੰਦਾ ਸੀ ਜਿਸਦਾ ਉਹ ਹੱਕਦਾਰ ਨਹੀਂ ਸੀ। ਘੱਟੋ-ਘੱਟ ਦੋ ਵਾਰ, ਦਾਊਦ ਨੇ ਉਨ੍ਹਾਂ ਅਣਗਿਣਤ ਦੁਸ਼ਮਣਾਂ ਬਾਰੇ ਲਿਖਿਆ, ''ਜੋ ਨਿਹੱਕ ਮੇਰੇ ਵੈਰੀ ਹਨ'' (ਜ਼ਬੂਰ 35:19); ''ਜਿਹੜੇ ਧਿਗਾਣੇ ਮੇਰੇ ਨਾਲ ਵੈਰ ਰੱਖਦੇ ਹਨ, ਉਹ ਮੇਰੇ ਸਿਰ ਦੇ ਵਾਲਾਂ ਨਾਲੋਂ ਵੀ ਵੱਧ ਹਨ'' (ਜ਼ਬੂਰ 69:4)।

ਇਸ ਤੋਂ ਵੀ ਵਧ ਕੇ ਖਾਰ ਦਾ ਸ਼ਿਕਾਰ ਉਹ ਮਨੁੱਖ ਸੀ ਜੋ ਸੱਚੇ ਦਿਲੋਂ ਹਰ ਇਨਸਾਨ ਨਾਲ ਪਿਆਰ ਕਰਦਾ ਸੀ ਅਤੇ ਕਿਸੇ ਨੂੰ ਵੀ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦਾ ਸੀ। ਉਹਦੇ ਅੰਦਰ ਕਪਟ ਨਹੀਂ ਸੀ (1 ਪਤਰਸ 2:22)। ਉਹ ਪਾਕ, ਬੇਦੋਸ਼, ਨਿਹਕਲੰਕ, ਪਾਪੀਆਂ ਤੋਂ ਵੱਖ ਅਤੇ ਸੁਰਗ ਵਿਚ ਜਲਾਲ ਪਾਇਆ ਹੋਇਆ ਸੀ (ਇਬਰਾਨੀਆਂ 7:26)। ਯਿਸੂ ਦੀ ਦੀਨਤਾ ਅਤੇ ਕੋਮਲਤਾ (2 ਕੁਰਿੰਥੀਆਂ 10:1) ਨੇ ਉਹਨੂੰ ਖਰੀ ਸੋਚ ਵਾਲੇ ਸਭ ਲੋਕਾਂ ਦਾ ਹਰ-ਦਿਲ-ਅਜ਼ੀਜ਼ ਬਣਾ ਦਿੱਤਾ ਸੀ।

ਕਿੰਨੀ ਅਜੀਬ ਗੱਲ ਹੈ ਕਿ ਇਹੋ ਜਿਹਾ ਸ਼ਖ਼ਸ ਨਿਹੱਕ ਹੀ ਕਿਸੇ ਦੀ ਨਫ਼ਰਤ ਦਾ ਸ਼ਿਕਾਰ ਹੋ ਸਕਦਾ ਹੈ। ਫਿਰ ਵੀ ਉਹਦੀ ਇਸ ਅਣਚਾਹੀ ਅਤੇ ਵਿਗੜੀ ਹੋਈ ਹਾਲਤ ਦੀ ਪੇਸ਼ਨਗੋਈ ਹੋ ਚੁਕੀ ਸੀ: ''ਜੇ ਮੈਂ ਉਨ੍ਹਾਂ ਵਿਚ ਓਹ ਕੰਮ ਨਾ ਕਰਦਾ ਜੋ ਹੋਰ ਕਿਨੇ ਨਹੀਂ ਕੀਤੇ ਤਾਂ ਉਨ੍ਹਾਂ ਦਾ ਪਾਪ ਨਾ ਹੁੰਦਾ ਪਰ ਹੁਣ ਤਾਂ ਉਨ੍ਹਾਂ ਨੇ ਮੈਨੂੰ ਅਤੇ ਨਾਲੇ ਮੇਰੇ ਪਿਤਾ ਨੂੰ ਵੇਖਿਆ ਅਤੇ ਸਾਡੇ ਨਾਲ ਵੈਰ ਵੀ ਕੀਤਾ ਹੈ। ਪਰ ਇਹ ਇਸ ਲਈ ਹੋਇਆ ਕਿ ਉਹ ਵਚਨ ਪੂਰਾ ਹੋਵੇ ਜਿਹੜਾ ਉਨ੍ਹਾਂ ਦੀ ਸ਼ਰ੍ਹਾ ਵਿਚ ਲਿਖਿਆ ਹੋਇਆ ਹੈ ਕਿ ਉਨ੍ਹਾਂ ਧਿਗਾਣੇ ਮੇਰੇ ਨਾਲ ਵੈਰ ਕੀਤਾ'' (ਯੂਹੰਨਾ 15:24, 25)।

ਉਹਦੀ ਖ਼ੂਬਸੂਰਤੀ ਭਾਵ ਪਵਿੱਤਰਤਾ ਦਾ ਖ਼ੂਬਸੂਰਤੀ ਨਾਲ ਢੱਕੇ ਹੋਣ ਤੋਂ ਇਲਾਵਾ ਉਹਦੇ ਮੋਅਜਜ਼ੇ ਵੀ ਉਹਦੀ ਸਿਫ਼ਾਰਸ਼ ਸਨ (''ਜੋ ਹੋਰ ਕਿਨੇ ਨਹੀਂ ਕੀਤੇ''; ਯੂਹੰਨਾ 15:24)। ਇਹ ਸਭ ਉਹਦੀ ਖ਼ੁਦਾਈ ਉਤੇ ਸ਼ੱਕ ਕਰਨ ਵਾਲੇ ਵਧੇਰੇ ਅਲੋਚਕਾਂ ਨੂੰ ਯਕੀਨ ਦਵਾਉਣ ਲਈ ਲੋੜੀਂਦੇ ਸਬੂਤ ਹੋਣੇ ਚਾਹੀਦੇ ਸਨ, ਪਰ ਕਈਆਂ ਨੇ ਯਕੀਨ ਨਹੀਂ ਕਰਨਾ ਸੀ; ਅਤੇ ਮਸੀਹਾ ਨੂੰ ਨਕਾਰਨ ਲਈ ''ਉਨ੍ਹਾਂ ਕੋਲ ਉਨ੍ਹਾਂ ਦੇ ਪਾਪ ਦਾ ਕੋਈ ਪੱਜ ਨਹੀਂ'' (ਯੂਹੰਨਾ 15:22)। ਉਹਦੇ ਪਿਆਰ ਦੇ ਬਦਲੇ ਉਸ ਨਾਲ ਨਫ਼ਰਤ ਕੀਤੀ ਗਈ।

## ਇਕ ਦੀਨ ਰਾਜਾ (ਜ਼ਕਰਯਾਹ 9:9)

ਖ਼ੁਦਾ ਨੇ ਇਸਰਾਏਲ ਦੇ ਰਾਜਿਆਂ ਨੂੰ ਹੁਕਮ ਦੇ ਰੱਖਿਆ ਸੀ ਕਿ ਉਹ ਆਪਣੇ ਲਈ ਘੋੜਿਆਂ ਨੂੰ ਨਾ ਵਧਾਉਣ (ਵਿਵਸਥਾਸਾਰ 17:16)। ਸੁਲੇਮਾਨ ਨੇ ਆਪਣੀਆਂ ਫ਼ਜ਼ੂਲ ਦੀਆਂ ਚੀਜ਼ਾਂ ਅਤੇ ਮਨੁੱਖੀ ਸ਼ਕਤੀ ਤੇ ਭਰੋਸਾ ਕਰਕੇ ਖ਼ੁਦਾ ਵੱਲੋਂ ਲਾਈ ਗਈ ਪਾਬੰਦੀ ਦੀ ਉਲੰਘਣਾ ਕੀਤੀ ਸੀ (1 ਰਾਜਿਆਂ 4:26)। ਯਸਾਯਾਹ ਦੇ ਸਬੰਧ ਵਿਚ ਜ਼ਕਰਯਾਹ ਨੇ ਇਸ ਨਾਲੋਂ ਵੀ ਵੱਧ ਦੀਨ ਸਵਾਰੀ ਦੀ ਨਬੂਵਤ ਕੀਤੀ ਸੀ:

ਹੇ ਸੀਓਨ ਦੀਏ ਧੀਏ, ਬਹੁਤ ਖੁਸ਼ ਹੋ,<br>
ਹੇ ਯਰੂਸ਼ਲਮ ਦੀਏ ਧੀਏ, ਲਲਕਾਰ!<br>
ਵੇਖ, ਤੇਰਾ ਬਾਦਸ਼ਾਹ ਤੇਰੇ ਕੋਲ ਆਉਂਦਾ ਹੈ,

ਉਹ ਧਰਮੀ ਹੈ ਅਤੇ ਸੁਰਜੀਤ ਹੈ,
ਉਹ ਅਧੀਨ ਹੈ ਅਤੇ ਗਧੇ ਦੇ ਜੁਆਨ ਬੱਚੇ ਉੱਤੇ ਸਵਾਰ ਹੈ।
ਮੈਂ ਅਫ਼ਰਾਈਮ ਦੇ ਰਥ ਨੂੰ,
ਅਤੇ ਯਰੂਸ਼ਲਮ ਤੋਂ ਘੋੜੇ ਨੂੰ ਕੱਟ ਸੁਟਾਂਗਾ,
ਲੜਾਈ ਦਾ ਧਣੁਖ ਤੋੜਿਆ ਜਾਵੇਗਾ,
ਉਹ ਕੌਮਾਂ ਲਈ ਸ਼ਾਂਤੀ ਦੀਆਂ ਗੱਲਾਂ ਕਰੇਗਾ,
ਉਹ ਦੀ ਹਕੂਮਤ ਸਮੁੰਦਰ ਤੋਂ ਸਮੁੰਦਰ ਤਕ,
ਅਤੇ ਦਰਿਆ ਤੋਂ ਧਰਤੀ ਦੀਆਂ ਹੱਦਾਂ
ਤਕ ਹੋਵੇਗੀ (ਜ਼ਕਰਯਾਹ 9:9, 10)।

ਜ਼ਕਰਯਾਹ ਦੀ ਨਬੂਵਤ ਇਸ ਪੱਖੋਂ ਨਿਰਾਲੀ ਹੈ ਕਿ ਇਸ ਨਬੀ ਦੀ ਲਿਖਤ ਵੇਲੇ ਯਹੂਦਾ ਵਿਚ ਕੋਈ ਰਾਜਾ ਨਹੀਂ ਸੀ (520 ਈ.ਪੂ.) ਅਤੇ ਉਹਦੇ ਬਾਅਦ ਤੋਂ ਯਿਸੂ ਨੂੰ ਛੱਡ ਹੋਰ ਕੋਈ ਰਾਜਾ ਹੋਇਆ ਹੀ ਨਹੀਂ। ਨਬੀ ਦੀਆਂ ਗੱਲਾਂ ਦਾ ਯਿਸੂ ਵਿਚ ਪੂਰਾ ਹੋਣਾ ਹੈਰਾਨ ਕਰਨ ਵਾਲਾ ਹੈ:

... ਤਾਂ ਯਿਸੂ ਨੇ ਦੋ ਚੇਲਿਆਂ ਨੂੰ ਘੱਲਿਆ ਅਤੇ ਉਨ੍ਹਾਂ ਨੂੰ ਕਿਹਾ। ਉਸ ਪਿੰਡ ਨੂੰ ਜਿਹੜਾ ਤੁਹਾਡੇ ਸਾਹਮਣੇ ਹੈ ਜਾਓ ਅਤੇ ਵੜਦੇ ਹੀ ਤੁਸੀਂ ਇਕ ਗਧੀ ਬੰਨ੍ਹੀ ਹੋਈ ਅਰ ਉਹਦੇ ਨਾਲ ਬੱਚੇ ਨੂੰ ਪਾਓਗੇ ਸੋ ਖੋਲ੍ਹ ਕੇ ਮੇਰੇ ਕੋਲ ਲਿਆਓ। ਅਰ ਜੇ ਕੋਈ ਤੁਹਾਨੂੰ ਕੁਝ ਕਹੇ ਤਾਂ ਕਹਿਣਾ ਕਿ ਪ੍ਰਭੂ ਨੂੰ ਇਨ੍ਹਾਂ ਦੀ ਲੋੜ ਹੈ, ਫਿਰ ਉਹ ਓਸੇ ਵੇਲੇ ਉਨ੍ਹਾਂ ਨੂੰ ਘੱਲ ਦੇਵੇਗਾ। ਸੋ ਇਹ ਇਸ ਲਈ ਹੋਇਆ ਕਿ ਨਬੀ ਦਾ ਇਹ ਵਚਨ ਪੂਰਾ ਹੋਵੇ:

ਸੀਓਨ ਦੀ ਧੀ ਨੂੰ ਆਖੋ,
ਵੇਖ ਤੇਰਾ ਬਾਦਸ਼ਾਹ ਅਧੀਨਗੀ ਨਾਲ,
ਗਧੀ ਉੱਤੇ ਸਗੋਂ ਗਧੀ ਦੇ ਬੱਚੇ ਉੱਤੇ,
ਸਵਾਰ ਹੋ ਕੇ ਤੇਰੇ ਕੋਲ ਆਉਂਦਾ ਹੈ।

ਤਾਂ ਚੇਲਿਆਂ ਨੇ ਜਾ ਕੇ ਜਿਵੇਂ ਯਿਸੂ ਨੇ ਹੁਕਮ ਦਿੱਤਾ ਸੀ ਤਿਹਾ ਹੀ ਕੀਤਾ। ਅਤੇ ਗਧੀ ਨੂੰ ਬੱਚੇ ਸਣੇ ਲਿਆਏ ਅਰ ਆਪਣੇ ਲੀੜੇ ਉਨ੍ਹਾਂ ਦੇ ਉੱਤੇ ਪਾ ਦਿੱਤੇ ਅਤੇ ਉਹ ਉਨ੍ਹਾਂ ਤੇ ਚੜ੍ਹ ਬੈਠਾ। ਅਤੇ ਭੀੜ ਦੇ ਬਹੁਤਿਆਂ ਲੋਕਾਂ ਨੇ ਆਪਣੇ ਲੀੜੇ ਰਸਤੇ ਵਿਚ ਵਿਛਾਏ ਪਰ ਹੋਰਨਾਂ ਨੇ ਬਿਰਛਾਂ ਦੀਆਂ ਡਾਲੀਆਂ ਵੱਢ ਕੇ ਰਸਤੇ ਵਿਚ ਵਿਛਾ ਦਿੱਤੀਆਂ (ਮੱਤੀ 21:1-8)।

## ਯਹੂਦਾ ਵਿਚ ਬਾਦਸ਼ਾਹਤ (ਉਤਪਤ 49:10)

ਲਗਭਗ 1644ਈ.ਪੂ. ਪੁਰਖੇ ਯਾਕੂਬ ਨੇ ਗੋਸ਼ੇਨ ਦੇਸ਼ ਵਿਚ ਆਪਣੀ ਮੌਤ ਦੇ ਬਿਸਤਰੇ ਤੋਂ ਬੈਠ ਕੇ ਆਪਣੇ ਪੁੱਤਰਾਂ ਨੂੰ ਬਰਕਤਾਂ ਦਾ ਐਲਾਨ ਕੀਤਾ। ਯਹੂਦਾ ਦੇ ਸਬੰਧ ਵਿਚ ਪਵਿੱਤਰ ਆਤਮਾ ਨੇ ਯਾਕੂਬ ਦੇ ਰਾਹੀਂ ਨਬੂਵਤ ਕੀਤੀ ਸੀ:

ਯਹੂਦਾ ਤੋਂ ਰਾਜ ਡੰਡਾ ਚਲਿਆ ਨਾ ਜਾਵੇਗਾ
ਨਾ ਉਹਦੇ ਪੈਰਾਂ ਦੇ ਵਿੱਚੋਂ ਹਾਕਮ ਦਾ ਸੋਟਾ

ਜਦ ਤੀਕ ਸ਼ਾਂਤੀਦਾਤਾ ਨਾ ਆਵੇ
ਅਤੇ ਲੋਕਾਂ ਦੀ ਆਗਿਆਕਾਰੀ ਓਸੇ ਦੀ ਹੋਵੇਗੀ
(ਉਤਪਤ 49:10)।

ਇਹ ਨਬੂਵਤ ਸਪੱਸ਼ਟ ਅਤੇ ਅਨੋਖੀ ਸੀ। ਯਹੂਦਾ ਪਲੌਠਾ ਪੁੱਤਰ ਨਹੀਂ ਸੀ (ਉਤਪਤ 49:3), ਅਤੇ ਉਹਨੂੰ ਪਲੌਠੇ ਦਾ ਹੱਕ ਵੀ ਨਹੀਂ ਮਿਲਿਆ (1 ਇਤਿਹਾਸ 5:1)। ਪਰ ਮਾੜੀ ਸ਼ੁਰੂਆਤ ਕਰਨ ਦੇ ਬਾਅਦ ਮਰਦਾਨਗੀ ਅਤੇ ਨਿਰਸੁਆਰਥ ਪਿਆਰ ਵਿਖਾ ਕੇ ਯਹੂਦਾ ''ਆਪਣੇ ਭਰਾਵਾਂ ਉੱਤੇ ਪਰਬਲ ਹੋ ਗਿਆ'' (1 ਇਤਿਹਾਸ 5:2)। ਭਵਿੱਖ ਵੱਲ ਵੇਖ ਕੇ ਖ਼ੁਦਾ ਨੇ ਫ਼ੈਸਲਾ ਕੀਤਾ ਕਿ ਇਸਰਾਏਲ ਦਾ ਆਗੂ ਭਾਵ ਰਾਜ ਕੁਮਾਰ ਯਹੂਦਾ ਵਿੱਚੋਂ ਹੀ ਨਿੱਕਲੇਗਾ। ਅਖ਼ੀਰ ਉਹ ਮਹਾਨ ਰਾਜ ਕੁਮਾਰ, ਭਾਵ ਮਸੀਹਾ ਯਹੂਦਾ ਵਿੱਚੋਂ ਹੀ ਨਿੱਕਲ ਕੇ ਆਉਣਾ ਸੀ (ਇਬਰਾਨੀਆਂ 7:14)।

ਰਾਜ ਸੱਤਾ ਭਾਵ ਹਕੂਮਤ ਯਹੂਦਾ ਦੀ ਸੰਤਾਨ ਕੋਲ ਛੇ ਸੌ ਸਾਲ ਤਕ ਨਹੀਂ ਹੋਣੀ ਸੀ। ਫਿਰ ਯਹੂਦਾ ਦੀ ਸੰਤਾਨ ਦਾਊਦ ਦਾ ਦੱਖਣੀ ਰਾਜ ਦੇ ਰਾਜੇ ਦੇ ਤੌਰ ਤੇ ਅਤੇ ਨਤੀਜੇ ਵਜੋਂ (ਲਗਭਗ 1010 ਈ.ਪੂ.) ਉੱਤਰੀ ਰਾਜ ਤੇ ਵੀ ਰਾਜੇ ਦੇ ਤੌਰ ਤੇ ਥਾਪੇ ਜਾਣਾ ਸੀ।

ਪਾਪ ਕਰਕੇ ਖ਼ੁਦਾ ਨੇ ਯਹੂਦਾ ਤੋਂ ਬਾਦਸ਼ਾਹਤ ਨੂੰ ਕੱਢ ਦਿੱਤਾ ਸੀ। ਸਿਦਕੀਆ ਬਾਰੇ ਕਹੀਆਂ ਗਈਆਂ ਗੱਲਾਂ ਵਿੱਚੋਂ ਜਿੰਨਾ ਕੁ ਬ੍ਰਦਾਸ਼ਤ ਕੀਤਾ ਜਾ ਸਕਦਾ ਉਹਨੇ 590 ਵਿਚ ਕੀਤਾ:

ਹੇ ਇਸਰਾਏਲ ਦੇ ਦੁਸ਼ਟ ਫੱਟੜ ਰਾਜ ਕੁਮਾਰ, ਤੇਰਾ ਦਿਨ ਆ ਗਿਆ ਹੈ! ਇਹ ਬਦੀ ਦਾ ਅੰਤ ਸਮਾਂ ਹੈ! ਪ੍ਰਭੂ ਯਹੋਵਾਹ ਐਉਂ ਫ਼ਰਮਾਉਂਦਾ ਹੈ, ਅਮਾਮਾ ਉਤਾਰ ਅਤੇ ਤਾਜ ਲਾਹ ਦੇ। ਇਹ ਏਦਾਂ ਨਹੀਂ ਰਹੇਗਾ। ਨੀਵੇਂ ਨੂੰ ਉੱਚਾ ਕਰ ਅਤੇ ਉੱਚੇ ਨੂੰ ਨੀਵਾਂ ਕਰ। ਬਰਬਾਦੀ, ਬਰਬਾਦੀ, ਮੈਂ ਹੀ ਉਹਨੂੰ ਬਰਬਾਦੀ ਬਣਾਵਾਂਗਾ! ਪਰ ਇਹ ਵੀ ਨਹੀਂ ਰਹੇਗਾ ਜਦ ਤੀਕ ਉਹ ਆਵੇਗਾ ਜਿਸਦਾ ਹੱਕ ਹੈ, ਤਾਂ ਮੈਂ ਉਹਨੂੰ ਦਿਆਂਗਾ (ਹਿਜ਼ਕੀਏਲ 21:25-27)।

ਹਿਜ਼ਕੀਏਲ ਦੇ ਰਾਹੀਂ ਕੀਤੀ ਗਈ ਖ਼ੁਦਾ ਦੀ ਨਬੂਵਤ ਚਾਰ ਸਾਲ ਬਾਅਦ ਪੂਰੀ ਹੋਈ, ਜਦ ਉਹਨੇ ਮੂਰਤੀਪੂਜਕ ਰਾਜੇ ਨਬੂਕੱਦਨਜ਼ਰ ਨੂੰ ਸਿਦਕੀਆ ਨੂੰ ਗੱਦੀਓਂ ਲਾਹੁਣ ਦੀ ਇਜਾਜ਼ਤ ਦੇ ਦਿੱਤੀ (2 ਰਾਜਿਆਂ 25:1-7)।

ਪਾਪ ਐਨਾ ਫੈਲ ਚੁੱਕਾ ਸੀ ਕਿ ਖ਼ੁਦਾ ਨੇ ਯਹੂਦਾ ਦੀ ਸੰਤਾਨ ਦੇ ਕਿਸੇ ਵੀ ਸੰਸਾਰਕ ਰਾਜੇ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਹੁਕਮ ਦਿੱਤਾ ਸੀ। ਖ਼ਾਸ ਕਰਕੇ ਸਿਦਕੀਆ ਦੇ ਭਤੀਜੇ ਯਕਾਨਯਾਹ ਲਈ ਖ਼ੁਦਾ ਨੇ ਕਿਹਾ:

ਇਸ ਪੁਰਖ ਨੂੰ ਔਂਤਰ ਲਿਖੋ
ਇਕ ਮਰਦ ਜਿਹੜਾ ਆਪਣੇ ਦਿਨਾਂ
ਵਿਚ ਸਫਲ ਨਾ ਹੋਵੇਗਾ
ਨਾ ਹੀ ਉਹਦੀ ਨਸਲ ਵਿੱਚੋਂ ਕੋਈ ਸਫਲ ਹੋਵੇਗਾ,
ਕਿ ਦਾਊਦ ਦੇ ਸਿੰਘਾਸਣ ਉੱਤੇ ਬੈਠੇ
ਅਤੇ ਯਹੂਦਾ ਉੱਤੇ ਫੇਰ ਰਾਜ ਕਰੇ (ਯਿਰਮਿਯਾਹ 22:30)।

ਯਕਾਨਯਾਹ ਔਂਤਰਾ ਰਿਹਾ ਅਤੇ ਯਹੂਦਾ ਵਿਚ ਰਾਜ ਕਰਨ ਲਈ ਉਹਦਾ ਕੋਈ ਵਾਰਿਸ ਨਹੀਂ ਸੀ। ਫਿਰ ਵੀ ਇਕ ਹਜ਼ਾਰ ਸਾਲ ਪਹਿਲਾਂ ਯਹੂਦਾ ਲਈ ਕੀਤੀ ਗਈ ਖ਼ੁਦਾ ਦੀ ਨਬੂਵਤ ਵਿਚ ਇਹ ਦਾਅਵਾ ਸੀ ਕਿ ਇਹਦੇ ਭਾਵ ਸ਼ਾਂਤੀ ਦੇਣ ਵਾਲੇ ਸੁਰੱਖਿਆ ਦੇ ਝੰਡਾਬਰਦਾਰ ਦੇ, ਅਰਾਮ ਦੇਣ ਵਾਲੇ ਦੇ ਆਉਣ ਤਕ ਯਹੂਦਾ ਵਿਚ ਰਾਜਡੰਡਾ ਰਹੇਗਾ। ਯਕਾਨਯਾਹ ਅਸਲ 'ਚ ਬੇ-ਔਲਾਦ ਨਹੀਂ ਸੀ (ਮੱਤੀ 1:12), ਪਰ ਉਹਦੀ ਔਲਾਦ ਵਿੱਚੋਂ ਕਦੇ ਕੋਈ ਜਿਸਮਾਨੀ ਤੌਰ ਤੇ ਰਾਜਾ ਨਹੀਂ ਬਣਿਆ। ਰਾਜ ਡੰਡਾ ਤਾਂ ਬਣਿਆ ਰਿਹਾ, ਪਰ ਇਹ ਸਿਦਕੀਆ ਤੋਂ ਯਿਸੂ ਤਕ ਜੋ ਸ਼ੀਲੋ ਨੂੰ ਸ਼ਾਂਤੀ, ਅਰਾਮ ਦੇਣ ਵਾਲਾ ਅਤੇ ਸੁਰੱਖਿਆ ਦਾ ਦੂਤ ਸੀ, ਵਰਤਿਆ ਨਹੀਂ ਗਿਆ!

ਜੇ ਯਿਸੂ ਆਪਣੀ ਪਹਿਲੀ ਆਮਦ ਸਮੇਂ ਸੰਸਾਰਿਕ ਯਹੂਦਾ ਤੇ ਰਾਜਾ ਬਣ ਜਾਂਦਾ ਜਾਂ ਜੇ ਉਹਨੇ ਆਪਣੀ ਦੂਜੀ ਆਮਦ ਸਮੇਂ ਰਾਜਾ ਬਣਨਾ ਹੁੰਦਾ ਤਾਂ ਯਿਰਮਿਯਾਹ ਵੱਲੋਂ ਕੀਤੀ ਗਈ ਖ਼ੁਦਾ ਦੀ ਪੁਰਾਣੇ ਨੇਮ ਦੀ ਨਬੂਵਤ ਬੇਕਾਰ ਹੋ ਜਾਂਦੀ। ਪੈਂਟੀਕਾਸਟ ਵਾਲੇ ਦਿਨ (28 ਮਈ, ਸਨ 30) ਜਦ ਯਿਸੂ ਰੂਹਾਨੀ ਰਾਜਾ ਬਣ ਕੇ ਸੁਰਗ ਵਿਚ ਖ਼ੁਦਾ ਦੇ ਸੱਜੇ ਹੱਥ ਬੈਠ ਕੇ ਹਕੂਮਤ ਕਰਨ ਲੱਗਾ ਤਾਂ ਸੋਲਾਂ ਸੌ ਸਾਲ ਪਹਿਲਾਂ ਯਹੂਦਾ ਬਾਰੇ ਕੀਤੀ ਇਹ ਨਬੂਵਤ ਪੂਰੀ ਹੋਈ:

> ਯਹੂਦਾਹ ਤੋ ਰਾਜ ਡੰਡਾ ਚਲਿਆ ਨਾ ਜਾਵੇਗਾ
> ਨਾ ਉਹਦੇ ਪੈਰਾਂ ਵਿੱਚੋਂ ਹਾਕਮ ਦਾ ਸੋਟਾ
> ਜਦ ਤੀਕ ਸ਼ਾਂਤੀ ਦਾਤਾ ਨਾ ਆਵੇ
> ਅਤੇ ਲੋਕਾਂ ਦੀ ਆਗਿਆਕਾਰੀ
> ਓਸੇ ਦੀ ਹੋਵੇਗੀ (ਉਤਪਤ 49:10)।

## ਸ਼ਾਖ (ਯਿਰਮਿਯਾਹ 23:5)

ਖ਼ੁਦਾ ਨੇ ਆਪਣੇ ਪੁੱਤਰ ਦੇ ਚਿਤਰਨ ਲਈ ਜੀਵ ਵਿਗਿਆਨ ਦੇ ਸ਼ਬਦ *Tsemah*,[2] ਭਾਵ ''ਸ਼ਾਖ'' ਦੀ ਵਰਤੋਂ ਕੀਤੀ ਹੈ। ਯਿਸੂ ਨੇ ਯੱਸੀ ਅਤੇ ਦਾਊਦ ਦੀ ਵੰਸ਼ਾਵਲੀ ਦੀ ਸ਼ਾਖ ਹੋਣਾ ਸੀ (ਯਸਾਯਾਹ 11:1)। ਜਿੱਥੇ ਤਕ ਦੁਨਿਆਵੀ ਖ਼ੂਬਸੂਰਤੀ ਦੀ ਗੱਲ ਹੈ ਉਹਨੇ ਬੰਜਰ ਧਰਤੀ ਵਿੱਚੋਂ ਨਿੱਕਲਿਆ ਅਣਚਾਹੀ ਕੂੰਬਲ ਹੋਣਾ ਸੀ (ਯਸਾਯਾਹ 53:2)। ਰੂਹਾਨੀ ਤੌਰ ਤੇ ਭਾਵੇਂ ਸ਼ਾਖ ਜਾਂ ਕੂੰਬਲ ਜਾਂ ਟਹਿਣੀ ਅਖਵਾਉਣ ਵਾਲੇ ਨੇ (ਜ਼ਕਰਯਾਹ 6:12) ਸਭ ਤੋਂ ਖ਼ੂਬਸੂਰਤ ਹੋਣਾ ਸੀ। ਉਹਦੀ ਖ਼ੂਬਸੂਰਤੀ ਵਿਚ ਪਵਿੱਤਰਤਾ ਹੋਣੀ ਸੀ, ਜੋ ਮਨੁੱਖਾਂ ਵਿਚ ਬੇਹੱਦ ਖ਼ੂਬਸੂਰਤ ਹੈ (ਜ਼ਬੂਰ 45:2)। ਉਹਦੀ ਵਡਿਆਈ ਪਿਤਾ ਦੇ ਇਕਲੌਤੇ ਪੁੱਤਰ ਵਾਲੀ ਭਾਵ ਰਹਿਮ ਅਤੇ ਸੱਚਾਈ ਨਾਲ ਭਰਪੂਰ ਹੋਣੀ ਸੀ (ਯੂਹੰਨਾ 1:14)। ਉਹਨੇ ਯਹੋਵਾਹ ਦੀ ਹੈਕਲ (ਜ਼ਕਰਯਾਹ 6:13) ਭਾਵ ਕਲੀਸੀਆ ਬਣਾਉਣੀ ਸੀ ਅਤੇ ਰਾਜਾ ਬਣ ਕੇ ਹਕੂਮਤ ਕਰਨੀ ਸੀ। ਇਸ ਰਾਜੇ ਨੇ ਨਿਆਂ ਅਤੇ ਧਾਰਮਿਕਤਾ ਅਤੇ ਬੁੱਧ ਨਾਲ ਕੰਮ ਕਰਨਾ ਸੀ (ਯਿਰਮਿਯਾਹ 23:5)।

*Tsemah* ਅਰਥਾਤ ਸ਼ਾਖ ਨੇ ਨਾ ਸਿਰਫ਼ ਰੂਹਾਨੀ ਗੱਦੀ 'ਤੇ ਬੈਠ ਕੇ ਹਕੂਮਤ ਕਰਨੀ ਸੀ, ਬਲਕਿ ਉਹਨੇ ਗੱਦੀ 'ਤੇ ਯਾਜਕ ਦੇ ਤੌਰ ਤੇ ਸੇਵਾ ਵੀ ਕਰਨੀ ਸੀ। ਵੰਸ਼ਾਵਲੀ ਤੋਂ ਉਹਨੇ ਯਾਜਕਾਈ ਦੇ ਅਯੋਗ ਹੋਣਾ ਸੀ। ਆਪਣੇ ਪੂਰਵਜ ਦਾਊਦ ਦੇ ਰਾਹੀਂ ਉਹ ਯਹੂਦਾ ਦੇ ਗੋਤ ਦੀ ਇਕ ਸ਼ਾਖ ਸੀ, ''ਜਿਸ ਗੋਤ ਲਈ ਮੂਸਾ ਨੇ ਯਾਜਕਾਂ ਦੇ ਵਿਖੇ ਕੁਝ ਨਹੀਂ ਆਖਿਆ'' (ਇਬਰਾਨੀਆਂ 7:14)। ਇਸ ਕਰਕੇ ਦੁਨਿਆਵੀ ਤੌਰ 'ਤੇ ਅਤੇ ਮੂਲ ਤੌਰ ਤੇ ਉਹਨੇ ਕਦੇ

ਯਾਜਕ ਨਾ ਹੁੰਦਾ। ਧਰਤੀ 'ਤੇ ਵਾਪਸ ਆਉਣ ਤੇ ਉਹ ''ਯਾਜਕ ਹੁੰਦਾ ਹੀ ਨਾ'' (ਇਬਰਾਨੀਆਂ 8:4)।

ਜਿਵੇਂ ਉਹਦੀ ਯਾਜਕਾਈ ਰੂਹਾਨੀ ਅਤੇ ਸੁਰਗੀ ਹੈ ਓਸੇ ਤਰ੍ਹਾਂ ਉਹਦੀ ਹਕੂਮਤ ਵੀ ਰੂਹਾਨੀ ਅਤੇ ਸੁਰਗੀ ਹੈ। ਉਹ ਸਾਡਾ ਅਜਿਹਾ ਮਹਾਂ ਯਾਜਕ ਹੈ ਜੋ ਸੁਰਗ ਵਿਚ ਪ੍ਰਵੇਸ਼ ਕਰ ਕੇ ਸਰਬਸ਼ਕਤੀਮਾਨ ਦੇ ਸੱਜੇ ਜਾ ਬੈਠਾ ਹੈ (ਇਬਰਾਨੀਆਂ 8:1)। ਮਹਾਂ ਯਾਜਕ ਅਤੇ ਰਾਜੇ ਦੇ ਤੌਰ ਤੇ ਉਹ ਸ਼ਾਖ ਅੱਜ ਮਨੁੱਖ ਲਈ ਨਹੀਂ ਹੈ ਅਤੇ ਨਾ ਫੇਰ ਮਨੁੱਖ ਬਣੇਗੀ (2 ਕੁਰਿੰਥੀਆਂ 5:16)। ਆਪਣਿਆਂ ਕੋਲ ਵਾਪਸ ਆਉਣ ਤੇ ਉਹ ਨਾ ਤਾਂ ਦੇਹਧਾਰੀ ਹੋਵੇਗਾ ਅਤੇ ਨਾ ਹੀ ਇਸ ਧਰਤੀ 'ਤੇ ਪੈਰ ਰੱਖੇਗਾ। ਇਹਦੇ ਉਲਟ ਉਹ ਜੀ ਉੱਠੀਆਂ, ਬਦਲ ਚੁੱਕੀਆਂ ਅਤੇ ਅਵਿਨਾਸ਼ੀ ਦੇਹਾਂ ਨੂੰ ਜੋ ਉਹਦੀ ਆਪਣੀ ਜਲਾਲੀ ਦੇਹ ਵਾਂਗ ਹੋਣਗੇ, ਆਪਣੇ ਨਾਲ ਹਵਾ ਵਿਚ ਮਿਲਣ ਲਈ ਬੁਲਾ ਲਵੇਗਾ (1 ਕੁਰਿੰਥੀਆਂ 15:51, 52; ਫ਼ਿਲਿੱਪੀਆਂ 3:20, 21; 1 ਥੱਸਲੁਨੀਕੀਆਂ 4:16-18)। *Tsemah* ਅਰਥਾਤ ਸ਼ਾਖ ਲਈ ਬਹੁਤੀਆਂ ਸ਼ਾਨਦਾਰ ਗੱਲਾਂ ਕਹੀਆਂ ਗਈਆਂ ਹਨ।

## ਖ਼ੁਦਾ ਦੇ ਰੂਪ ਵਿਚ ਤਾਜਪੋਸ਼ (ਜ਼ਬੂਰ 45:6, 7)

''ਮਨੁੱਖ'' ਦੀ ਪਛਾਣ ਲਈ ਵਰਤੇ ਜਾਣ ਵਾਲੇ ਕੁਝ ਇਬਰਾਨੀ ਸ਼ਬਦ ਉਹਦੇ ਸੰਸਾਰਿਕ (ਇਬਰਾ.: *'adam*), ਕਮਜ਼ੋਰ (ਇਬਰਾ.: *'enosh*) ਤੌਰ ਤੇ ਸਮਰੱਥ ਹੋਣ ਦੇ ਤੌਰ ਤੇ (ਇਬਰਾ.: *gibbor*) ਜਾਂ ਖ਼ੁਦਾ ਦੇ ਸਰੂਪ ਵਿਚ ਭਾਈਵਾਲ (ਇਬਰਾ.: *'elohim*) ਹੋਣ ਦੇ ਸੰਕੇਤ ਦਿੰਦੇ ਹਨ। ਖ਼ੁਦਾ ਮਨੁੱਖ ਦੇ ਸੁਰਗੀ ਸੁਭਾਅ ਦੀ ਗੱਲ ਕਰ ਰਿਹਾ ਸੀ, ''ਤੁਸੀਂ ਦਿਓਤੇ (ਇਬਰਾ.: *'elohim*) ਹੋ, ਅਤੇ ਤੁਸੀਂ ਸਭ ਅੱਤ ਮਹਾਨ ਦੇ ਪੁੱਤਰ ਹੋ'' (ਜ਼ਬੂਰ 82:6)। ਸੋ ਜਿਸ ਸ਼ਬਦ ਦਾ ਅਨੁਵਾਦ ''ਪਰਮੇਸ਼ੁਰ'' (ਇਬਰਾ.: *'elohim*) ਹੋਇਆ ਹੈ ਉਹ ਸ਼ਬਦ ਮਨੁੱਖੀ ਜੀਵਾਂ ਦੇ ਵੇਰਵੇ ਲਈ ਵੀ ਵਰਤਿਆ ਜਾਂਦਾ ਹੈ। ਅੰਗ੍ਰੇਜ਼ੀ ਅਨੁਵਾਦ (''*gods*'') ਅਤੇ ਪੰਜਾਬੀ ਅਨੁਵਾਦ ''ਦਿਓਤਾ'' ਤੋਂ ਇਹ ਭੁਲੇਖਾ ਲੱਗ ਸਕਦਾ ਹੈ ਕਿ ਬਹੁਤ ਸਾਰੇ ਦੇਵਤੇ ਹਨ। ਪਰ ਬਾਈਬਲ ਦੀ ਸਪੱਸ਼ਟ ਸਿੱਖਿਆ ਹੈ ਕਿ ਸੱਚਾ ਖ਼ੁਦਾ ਇੱਕੋ ਹੈ (ਵਿਵਸਥਾਸਾਰ 6:4; ਯਸਾਯਾਹ 44:6; 1 ਕੁਰਿੰਥੀਆਂ 8:2, 3)। ਇਸ ਸਿੱਖਿਆ ਦਾ ਸੱਚ ਹੋਣ ਕਰਕੇ ਜ਼ਬੂਰ ਲਿਖਣ ਅਤੇ ਮਨੁੱਖਾਂ ਅਤੇ ਖ਼ੁਦਾ ਦੀ ਵਿਆਖਿਆ ਲਈ ਇਕ ਸ਼ਬਦ ਦੀ ਵਰਤੋਂ ਨੂੰ ਮਨੁੱਖ ਦੇ ਪ੍ਰਾਣ ਦੇ ਸੁਰਗੀ ਸੁਭਾਅ ਦੇ ਤੌਰ ਤੇ ਲੈਣਾ ਚਾਹੀਦਾ। *ਏਲੋਹੀਮ* (''ਖ਼ੁਦਾ'') ਕਿਸੇ ਜਾਨਵਰ ਨੂੰ ਨਹੀਂ, ਬਲਕਿ ਮਨੁੱਖ ਨੂੰ ਕਿਹਾ ਗਿਆ ਹੈ।

ਇਨ੍ਹਾਂ ਦੋ ਅਰਥਾਂ (''ਖ਼ੁਦਾ'' ਅਤੇ ''ਖ਼ੁਦਾ ਦੇ ਸਰੂਪ ਵਿਚ ਮਨੁੱਖ'') ਵਿਚ *ਏਲੋਹੀਮ* ਸ਼ਬਦ ਦੀ ਸਾਫ਼ ਵਰਤੋਂ ਨਾਲ ਸਾਨੂੰ ਜ਼ਬੂਰ 45:6, 7 ਨੂੰ ਸਮਝਣ ਵਿਚ ਮਦਦ ਮਿਲਦੀ ਹੈ:

> ਤੇਰਾ ਸਿੰਘਾਸਣ ਪਰਮੇਸ਼ੁਰ ਵੱਲੋਂ ਸਦਾ ਤੀਕ ਹੈ,
> ਤੇਰੇ ਰਾਜ ਦਾ ਆਸਾ ਸਿਧਿਆਈ ਦਾ ਆਸਾ ਹੈ!
> ਤੈਂ ਧਰਮ ਦੇ ਨਾਲ ਪ੍ਰੇਮ ਅਤੇ
> ਬਦੀ ਦੇ ਨਾਲ ਵੈਰ ਰਖਿਆ ਹੈ
> ਇਸ ਲਈ ਪਰਮੇਸ਼ੁਰ, ਤੇਰੇ ਪਰਮੇਸ਼ੁਰ ਨੇ ਖੁਸ਼ੀ ਦੇ ਤੇਲ ਨਾਲ

> ਤੇਰੇ ਸਾਥੀਆਂ ਤੋਂ ਵੱਧ ਤੈਨੂੰ ਮਸਹ ਕੀਤਾ ਹੈ।

ਜ਼ਬੂਰ 45 ਨੂੰ ਮੂਲ ਵਿਚ ਸੁਲੇਮਾਨ ਦੇ ਵਿਆਹਾਂ ਵਿੱਚੋਂ ਇਕ ਲਈ ਕਿਹਾ ਗਿਆ ਸੀ। 6 ਅਤੇ 7 ਆਇਤਾਂ ਵਿਚ ਨਵੇਂ ਪਤੀ ਦੀ ਤਾਰੀਫ਼ ਕੀਤੀ ਗਈ ਹੈ: ਉਹ ਧਰਮੀ ਰਾਜਾ ਹੈ ਅਤੇ ਉਹ ਖ਼ੁਦਾ (ਭਾਵ ਖ਼ੁਦਾ ਦਾ ਸਰੂਪ) ਹੈ।

ਪਰ ਜ਼ਬੂਰ 45:6, 7 ਦਾ ਉਸ ਵਿਚ ''ਜੋ ਸੁਲੇਮਾਨ ਤੋਂ ਵੀ ਵੱਡਾ ਹੈ'' ਪੂਰਾ ਹੋਣਾ ਅਜੇ ਬਾਕੀ ਸੀ (ਮੱਤੀ 12:42)। ''ਚੇਲਾ ਗੁਰੂ ਨਾਲੋਂ ਵੱਡਾ ਨਹੀਂ, ਨਾ ਚਾਕਰ ਆਪਣੇ ਮਾਲਕ ਨਾਲੋਂ'' (ਮੱਤੀ 10:24), ਪਰ ਸੁਲੇਮਾਨ ਦਾ ਪੁੱਤਰ ਆਪਣੇ ਪੂਰਵਜ ਤੋਂ ਵੱਡਾ ਸੀ। 30ਈਸਵੀ ਦੇ ਪੈਂਟੀਕਾਸਟ ਵਾਲੇ ਦਿਨ ਸੁਰਗ ਵਿਚ ਖ਼ੁਦਾ ਦੇ ਸੱਜੇ ਯਿਸੂ ਮਸੀਹ ਨੂੰ ਸੁਰਗ ਅਤੇ ਧਰਤੀ ਦਾ ਰਾਜਾ ਬਣਾਇਆ ਗਿਆ ਸੀ (ਅਫ਼ਸੀਆਂ 1:22, 23; ਮੱਤੀ 28:18)। ਉਹਦੀ ਤਾਜਪੋਸ਼ੀ ਵਾਲੇ ਦਿਨ ਪਰਮੇਸ਼ੁਰ ਪਿਤਾ ਨੇ ਪਹਿਲਾਂ ਸੁਲੇਮਾਨ ਲਈ ਵਰਤੀ ਗਈ ਭਾਸ਼ਾ ਨੂੰ ਅਪਨਾ ਕੇ ਉਹਨੂੰ ਉੱਚਾ ਕੀਤਾ ਸੀ:

> ਪਰ ਪੁੱਤਰ ਦੇ ਵਿਖੇ,
>
> ਤੇਰਾ ਸਿੰਘਾਸਣ ਯੁਗੋ ਯੁੱਗ ਪਰਮੇਸ਼ੁਰ ਹੈ,  
> ਅਤੇ ਸਿਧਿਆਈ ਦੀ ਆਸ ਤੇਰੇ ਰਾਜ ਦਾ ਆਸ ਹੈ,  
> ਤੈਂ ਧਰਮ ਨਾਲ ਪ੍ਰੇਮ ਅਤੇ ਕੁਧਰਮ ਨਾਲ ਵੈਰ ਰੱਖਿਆ  
> ਇਸ ਲਈ ਪਰਮੇਸ਼ੁਰ ਅਤੇ ਪਰਮੇਸ਼ੁਰ ਨੇ ਖੁਸ਼ੀ ਦੇ ਤੇਲ ਨਾਲ  
> ਤੇਰੇ ਸਾਥੀਆਂ ਤੋਂ ਵੱਧ ਤੈਨੂੰ ਮਸਹ ਕੀਤਾ ਹੈ  
> (ਇਬਰਾਨੀਆਂ 1:8, 9)।

ਖ਼ੁਦਾ ਨੇ ਸੁਲੇਮਾਨ ਅਤੇ ਯਿਸੂ ਦੀ ਹਕੂਮਤ ਲਈ ਇੱਕੋ ਸ਼ਬਦ ''ਧਰਮ'' ਦੀ ਵਰਤੋਂ ਕੀਤੀ: ਪਰ ਯਿਸੂ ਤੇ ਲਾਗੂ ਕਰਨ 'ਤੇ ਇਸਦਾ ਅਰਥ ਅਤੇ ਦਰਜਾ ਵਧ ਗਿਆ। ਇਸੇ ਤਰ੍ਹਾਂ ਉਹੀ ਸ਼ਬਦ ''ਖ਼ੁਦਾ'' (ਭਾਵ ਸੁਲੇਮਾਨ ਵਿਚ ਖ਼ੁਦਾ ਦਾ ਸਰੂਪ) ਜੋ ਸੁਲੇਮਾਨ ਦੇ ਬਿਆਨ ਲਈ ਵਰਤਿਆ ਗਿਆ ਸੀ, ਪਰ ਸੁਲੇਮਾਨ 'ਤੇ ਲਾਗੂ ਕਰਨ ਦੀ ਬਜਾਏ ਯਿਸੂ 'ਤੇ ਲਾਗੂ ਕਰਨ ਵੇਲੇ ਇਸਦਾ ਅਰਥ ਬਹੁਤ ਵਿਆਪਕ ਹੋ ਗਿਆ।

---

ਟਿੱਪਣੀਆਂ

[1]ਮਸੀਹ ਦੇ ਜਨਮ ਅਤੇ ਜੀਵਨੀ ਅਤੇ ਪੁਰਾਣੇ ਨੇਮ ਦੀਆਂ ਹੋਰ ਨਬੂਵਤਾਂ *ਬਾਰੇ ਜਾਣਕਾਰੀ ਟਰੁੱਥ ਫ਼ਾਰ ਟੂਡੇ* ਦੀ ਪੰਜਾਬੀ ਕਿਤਾਬ ''ਬਾਈਬਲ ਬਾਰੇ ਜਾਣਨਾ'' ਵਿਚ ਦਿੱਤੀ ਗਈ ਹੈ। ਇਹ ਨਬੂਵਤਾਂ ਮਸੀਹ ਵਿਚ ਪੂਰੀਆਂ ਹੁੰਦੀਆਂ ਵਿਖਾਈਆਂ ਗਈਆਂ ਸਨ: ''ਦਾਊਦ ਦਾ ਪੁੱਤਰ'' (2 ਸਮੂਏਲ 7:12), ''ਬੈਤਲਹਮੀ'' (ਮੀਕਾ 5:2) ਅਤੇ ''ਮਿਸਰ ਤੋਂ ਸੱਦਿਆ ਗਿਆ'' (ਹੋਸ਼ੇਆ 11:1)। [2]ਯਿਸੂ ਲਈ ''ਕੂੰਬਲ'' ਲਈ *hoter* ਅਤੇ *netser* (ਯਸਾਯਾਹ 11:1) ਅਤੇ *yonek* (ਯਸਾਯਾਹ 53:2) ਸਣੇ ਵਨਸਪਤੀ ਵਿਗਿਆਨ ਦੇ ਹੋਰ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।